ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

ਸਾਂਝੀ ਸੋਚ
SANJHI SOCH
ਸਾਂਝੀ ਸੋਚ
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ

DOWNLOAD THE APP
NOW AVAILABLE ON
24x7
LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

VOL-13 ISSUE 2642 13 November, 2026 Friday www.sanjhisoch.com ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ +1 (209) 303-1260

ਵਿਨੀਪੈੱਗ ਅਤੇ ਟੋਰਾਂਟੋ 'ਚ ਪੰਜਾਬੀ ਮੂਲ ਦੇ 9 ਵਿਅਕਤੀ ਗ੍ਰਿਫ਼ਤਾਰ ਕਰਕੇ ਨਸ਼ਾ ਤਸਕਰੀ ਨੈੱਟਵਰਕ ਦਾ ਪਰਦਾਫਾਸ਼

ਟੋਰਾਂਟੋ
ਸਾਂਝੀ ਸੋਚ ਬਿਊਰੋ

ਕੈਨੇਡੀਅਨ ਪੁਲਿਸ ਨੇ ਪੰਜਾਬ ਨਾਲ ਸਬੰਧਤ ਭਾਰਤੀ ਮੂਲ ਦੇ 9 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਇੱਕ ਅੰਤਰ-ਸੂਬਾਈ ਨਸ਼ਾ ਤਸਕਰੀ ਨੈੱਟਵਰਕ ਦਾ ਪਰਦਾਫਾਸ਼ ਕੀਤਾ ਹੈ, ਜੋ ਕਥਿਤ ਤੌਰ 'ਤੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਮੈਨੀਟੋਬਾ ਵਿਚ ਕੋਕੀਨ, ਮੇਥਾਮਫੇਟਾਮਾਈਨ, ਕੇਟਾਮਾਈਨ ਅਤੇ ਨੁਸਖ਼ੇ ਵਾਲੀਆਂ ਨਸ਼ੀਲੀਆਂ ਦਵਾਈਆਂ (ਪ੍ਰਿਸਕ੍ਰਿਪਸ਼ਨ ਓਪੀਓਇਡਜ਼) ਦੀ ਸਪਲਾਈ ਕਰਨ ਵਿਚ ਸ਼ਾਮਲ ਸੀ।

ਇਹ ਗ੍ਰਿਫ਼ਤਾਰੀਆਂ 'ਪ੍ਰੋਜੈਕਟ ਪਿੰਕ ਪੈਂਥਰ' ਤਹਿਤ ਕੀਤੀਆਂ ਗਈਆਂ ਹਨ, ਜੋ ਕਿ ਦਸੰਬਰ 2025 'ਚ ਵਿੰਨੀਪੈਗ ਪੁਲਿਸ ਸਰਵਿਸ (ਡਬਲਯੂ.ਪੀ.ਐੱਸ.) ਦੀ ਸੰਗਠਿਤ ਅਪਰਾਧ ਇਕਾਈ ਵੱਲੋਂ ਸ਼ੁਰੂ ਕੀਤੀ ਗਈ ਇੱਕ ਜਾਂਚ ਸੀ। 'ਮੈਨੀਟੋਬਾ ਜਸਟਿਸ' ਵੱਲੋਂ ਫੰਡ ਕੀਤੀ ਗਈ ਇਹ ਜਾਂਚ ਇੱਕ ਅਜਿਹੇ ਸੰਗਠਿਤ ਅਪਰਾਧ ਗਰੋਹ 'ਤੇ ਕੇਂਦਰਿਤ ਸੀ, ਜਿਸ 'ਤੇ ਓਨਟਾਰੀਓ, ਬ੍ਰਿਟਿਸ਼ ਕੋਲੰਬੀਆ ਅਤੇ ਅਲਬਰਟਾ ਤੋਂ ਮੈਨੀਟੋਬਾ ਵਿਚ ਨਸ਼ਿਆਂ ਦੀ ਤਸਕਰੀ ਕਰਨ ਦਾ ਸ਼ੱਕ ਸੀ।

ਜਾਂਚਕਰਤਾਵਾਂ ਨੇ ਪਾਇਆ ਕਿ ਯਾਤਰੀ ਵਾਹਨਾਂ, ਕੋਰੀਅਰ ਸੇਵਾਵਾਂ, ਡਾਕ ਰਾਹੀਂ ਭੇਜੇ ਜਾਣ ਵਾਲੇ ਸਾਮਾਨ ਅਤੇ ਵਪਾਰਕ ਏਅਰਲਾਈਨਾਂ ਰਾਹੀਂ ਨਸ਼ੇ ਵਿੰਨੀਪੈਗ ਪਹੁੰਚਾਏ ਜਾ ਰਹੇ ਸਨ। ਇਹ ਖੇਪਾਂ ਨਿਰਧਾਰਤ ਟਿਕਾਣਿਆਂ 'ਤੇ ਪਹੁੰਚਾਈਆਂ ਜਾਂਦੀਆਂ ਸਨ, ਜਿੱਥੇ ਇਨ੍ਹਾਂ ਨੂੰ ਸਟੋਰ ਕਰਕੇ ਗ਼ੈਰ-ਕਾਨੂੰਨੀ ਨਸ਼ਾ ਵਪਾਰ ਦੇ ਵੱਖ-ਵੱਖ ਪੱਧਰਾਂ ਰਾਹੀਂ ਅੱਗੇ ਵੰਡਿਆ ਜਾਂਦਾ ਸੀ।

26 ਅਗਸਤ, 2026 ਨੂੰ ਵਿੰਨੀਪੈਗ ਪੁਲਿਸ ਸਰਵਿਸ (ਡਬਲਯੂ.ਪੀ.ਐੱਸ.) ਦੇ ਜਾਂਚਕਰਤਾਵਾਂ ਨੇ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀ.ਬੀ.ਐੱਸ.ਏ.), ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ (ਓ.ਪੀ.ਪੀ.), ਪੀਲ ਰੀਜਨਲ ਪੁਲਿਸ ਅਤੇ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰ.ਸੀ.ਐੱਮ.ਪੀ.) ਦੀ ਸਹਾਇਤਾ ਨਾਲ ਵਿਨੀਪੈਗ ਅਤੇ ਗ੍ਰੇਟਰ ਟੋਰਾਂਟੋ ਏਰੀਆ ਦੇ ਕਈ ਟਿਕਾਣਿਆਂ 'ਤੇ ਛਾਪੇਮਾਰੀ ਕੀਤੀ।

ਇਸ ਤਲਾਸ਼ੀ ਮੁਹਿੰਮ ਦੌਰਾਨ ਲਗਪਗ 29 ਕਿਲੋ ਮੇਥਾਮਫੇਟਾਮਾਈਨ, 3 ਕਿਲੋ ਕੇਟਾਮਾਈਨ, 1,800 ਐੱਲ.ਐੱਸ.ਡੀ. ਟੈਬਸ ਅਤੇ 31 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ। ਪੁਲਿਸ ਨੇ ਲਗਪਗ 1,26,000 ਕੈਨੇਡੀਅਨ ਡਾਲਰ ਦੀ ਨਕਦੀ, ਛੇ ਹਥਿਆਰ, 800 ਤੋਂ ਵੱਧ ਕਾਰਤੂਸ, ਇੱਕ 'ਕੰਡਕਟਿਡ ਐਨਰਜੀ ਵੈਪਨ' ਅਤੇ ਚਾਰ ਵਾਹਨ ਵੀ ਬਰਾਮਦ ਕੀਤੇ ਹਨ, ਜਿਨ੍ਹਾਂ ਵਿਚ ਇੱਕ ਮਰਸਡੀਜ਼-ਬੈਂਜ਼ ਜੀ.ਐੱਲ.ਸੀ.300, ਸ਼ੈਵਰਲੇ ਸਿਲਵੇਰਾਡੋ, ਸ਼ੈਵਰਲੇ ਕਰੂਜ਼ ਅਤੇ ਕੈਡੀਲੈਕ ਸੀ.ਟੀ.ਐੱਸ. ਸ਼ਾਮਲ ਹਨ।

ਪੁਲਿਸ ਨੇ ਬਰਾਮਦ ਕੀਤੇ ਗਏ ਨਸ਼ਿਆਂ ਦੀ ਬਾਜ਼ਾਰੀ ਕੀਮਤ ਲਗਪਗ 9,70,000 ਡਾਲਰ ਆਂਕੀ ਹੈ। ਗ੍ਰਿਫ਼ਤਾਰ ਕੀਤੇ ਗਏ 9 ਵਿਅਕਤੀਆਂ ਵਿਚੋਂ ਛੇ ਵਿਨੀਪੈਗ ਅਤੇ ਤਿੰਨ ਓਨਟਾਰੀਓ ਦੇ ਰਹਿਣ ਵਾਲੇ ਹਨ। ਵਿਨੀਪੈਗ ਤੋਂ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਵਿਚ ਤਰੁਣਦੇਵ ਸਿੰਘ (32), ਦਵਿੰਦਰ ਸਿੰਘ (57), ਅਮਨਦੀਪ ਸਿੰਘ (47), ਮਨਦੀਪ ਸਿੰਘ ਦੱਤਾ (37), ਕਰਨਵੀਰ ਸਿੰਘ (24) ਅਤੇ ਮਗਨਪ੍ਰੀਤ ਬੋਪਾਰਾਏ (25) ਸ਼ਾਮਲ ਹਨ। ਓਨਟਾਰੀਓ ਵਿਚ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਤਰਨਵੀਰ ਸੰਧੂ (37), ਕਰਨ ਜੋਸ਼ੀ (34) ਅਤੇ ਮਨਜਿੰਦਰ ਸਿੰਘ ਸੱਗੂ (43) ਵਜੋਂ ਹੋਈ ਹੈ।

ਜਦਕਿ ਤਰੁਣਦੇਵ ਸਿੰਘ, ਦਵਿੰਦਰ ਸਿੰਘ ਅਤੇ ਕਰਨਵੀਰ ਸਿੰਘ ਨੂੰ ਹਿਰਾਸਤ ਵਿਚ ਰੱਖਿਆ ਗਿਆ ਹੈ, ਅਮਨਦੀਪ ਸਿੰਘ, ਮਨਦੀਪ ਸਿੰਘ ਦੱਤਾ ਅਤੇ ਮਗਨਪ੍ਰੀਤ ਬੋਪਾਰਾਏ ਨੂੰ ਰਿਹਾਈ ਦੇ ਹੁਕਮਾਂ (ਰਿਲੀਜ਼ ਆਰਡਰਜ਼) 'ਤੇ ਛੱਡ ਦਿੱਤਾ ਗਿਆ ਹੈ। ਓਨਟਾਰੀਓ ਵਿਚ ਤਰਨਵੀਰ ਸੰਧੂ ਅਤੇ ਕਰਨ ਜੋਸ਼ੀ ਨੂੰ ਹਿਰਾਸਤ ਵਿਚ ਰੱਖਿਆ ਗਿਆ ਹੈ, ਜਦੋਂਕਿ ਮਨਜਿੰਦਰ ਸਿੰਘ ਸੱਗੂ ਨੂੰ ਰਿਹਾਈ ਦੇ ਹੁਕਮ 'ਤੇ ਛੱਡ ਦਿੱਤਾ ਗਿਆ ਹੈ। ਮੁਲਜ਼ਮਾਂ ਖ਼ਿਲਾਫ਼ ਨਸ਼ਾ ਤਸਕਰੀ, ਅਪਰਾਧ ਰਾਹੀਂ ਕਮਾਈ ਜਾਇਦਾਦ ਰੱਖਣ, ਹਥਿਆਰਾਂ ਨਾਲ ਸਬੰਧਤ ਅਪਰਾਧਾਂ, ਪਾਬੰਦੀਸ਼ੁਦਾ ਪਦਾਰਥ ਰੱਖਣ ਅਤੇ ਨਿਆਂ ਪ੍ਰਕਿਰਿਆ ਵਿਚ ਰੁਕਾਵਟ ਪਾਉਣ ਸਮੇਤ ਵੱਖ-ਵੱਖ ਦੋਸ਼ ਆਇਦ ਕੀਤੇ ਗਏ ਹਨ।

Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511

Law Offices of
Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor®
ਤੁਸੀਂ ਆਪਣੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।
Contact : Cell (209) 550-1704
220 - A Standiford Ave, Modesto, CA 95350, kkaur@mycvre.com
EACH OFFICE IS INDEPENDENTLY OWNED AND OPERATED

LAMBA VIDEO
★ Weddings ★ Birthdays ★ Photo Shoots
HD Quality Wedding Videos
Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

Space availabe for Ad
Contact #
+1 (209) 303-1260

Mann & Associates Insurance Services, Inc.
Medicare Supplement Plans
• Life • Health • Travel • Medicare • Trucking • ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ
• The American Rescue Plan passed by President Biden could save you hundreds or even thousands of dollars a month.
• There is more financial help than ever before
• Even if you didn't qualify for subsidies before, now you might be able to save thousands on health insurance premiums.
• Huge tax credits are available only if you apply thru Covered California
• ਰਾਸ਼ਟਰਪਤੀ ਸੋਮ ਬਾਇਡਨ ਦੁਆਰਾ ਪਾਸ ਕੀਤੀ ਗਈ ਅਮਰੀਕੀ ਬਚਾਅ ਯੋਜਨਾ ਤੁਹਾਨੂੰ ਮਹੀਨੇ ਵਿੱਚ ਹਜ਼ਾਰਾਂ ਡਾਲਰ ਦੀ ਬਚਤ ਕਰਵਾ ਸਕਦੀ ਹੈ।
• ਪਹਿਲਾਂ ਨਾਲੋਂ ਬਹੁਤੇ ਵਿੱਤੀ ਮਦਦ ਮਿਲਦੀ ਹੈ।
• ਭਾਵੇਂ ਤੁਸੀਂ ਪਹਿਲਾਂ ਸਬਸਿਡੀਆਂ ਲਈ ਯੋਗਤਾ ਪੂਰੀ ਨਹੀਂ ਕਰਦੇ ਹੋ, ਪਰ ਹੁਣ ਤੁਸੀਂ ਸਿਹਤ ਬੀਮਾ ਪ੍ਰੀਮੀਅਮਾਂ 'ਤੇ ਹਜ਼ਾਰਾਂ ਲੱਖਾਂ ਨੂੰ ਬਚਾਉਣ ਦੇ ਯੋਗ ਹੋ ਸਕਦੇ ਹੋ।
• ਭਾਰੀ ਟੈਕਸ ਕ੍ਰੈਡਿਟ ਕੇਵਲ ਤਾਂ ਹੀ ਉਪਲਬਧ ਹੁੰਦੇ ਹਨ, ਜੇ ਤੁਸੀਂ ਕਵਰਡ ਕੈਲੀਫੋਰਨੀਆ ਦੁਆਰਾ ਅਰਜ਼ੀ ਦਿੰਦੇ ਹੋ।
Inderjeet Singh Mann
CA Lic# 0H82488
ਹੈਲਥ ਇੰਸੋਰੈਂਸ ਨਾ ਕਰਵਾਉਣ 'ਤੇ ਤੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਇਸ ਲਈ ਅੱਜ ਹੀ ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਥ ਇੰਸ਼ੋਰੈਂਸ ਕਰਵਾਉਣ ਲਈ ਇੰਦਰਜੀਤ ਮਾਨ ਨੂੰ ਕਾਲ ਕਰੋ। ਜਿਹੜੇ Covered California ਦੇ Certified Agent ਸਨ। ਇੰਦਰਜੀਤ ਮਾਨ ਕੋਲ ਹੈਲਥ ਇੰਸੋਰੈਂਸ ਦਾ ਲੰਬੇ ਸਮੇਂ ਦਾ ਤਜ਼ਰਬਾ ਹੈ।
Anthem
Certified Insurance Agent
Ph.: (916) 900-2000

Certified INSURANCE AGENT
COVERED CALIFORNIA
Free Confidential Help
Call : Gurcharan Singh Mann
Medicare
Licensed Insurance Agent
CA Lic # 0C70672
CALL TO ENROL
510-557-0061

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Ph: (414) 551-0530
Simranveer Singh
Realtor
The JRP Group
DRE #02114137

Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com www.thepalfilms.com

JRP REALTY GROUP

A TRADITION OF REAL ESTATE EXCELLENCE

SERVING CALIFORNIA FOR COMMERCIAL REAL ESTATE NEEDS

Specializing in all Types of Commercial Proprtries

Gas Stations, Apartments, Commercial Buildings, Liquor stores and Land

CALL TODAY TO BUY/SELL YOUR REAL ESTATE/ BUSINESS



Jaswant S.Pannu
Office: 209-900-1994
Cell: 408-340-0157
jaswantpannu@yahoo.com



Raman Singh
Cell: 209-605-6500
Office: 209-213-5811
BRE #10889002

We do commercial loans for businesses, gas stations, lands and commercial properties

We provide the best in class evaluation for your real estate/business to maximize the profits for you



For more properties or business, contact us.



LOVEPREET KAUR
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

LENDINGASSETS
Elevating Your Mortgage Experience

Home Loan ਘਰਾਂ ਦੇ ਲੋਨ

- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

Refinance @2.75% APR or lower



Apply online at www.lendingassets.com and check out the live lowest rates on our website

ONLY WAY TO GROW YOUR BUSINESS FASTER

BNG

(Business Network Gateway)

We work for you to

Boost Your Business

VIDEO ADVERTISEMENTS

We make professional video advertisements for your business in Punjabi, Hindi & English



POSTERS DESIGN

We design flyers, Posters and
Post Cards to promote your business



BUSINESS CARD DESIGN

WE DESIGN YOUR
BUSINESS CARD



SOCIAL MEDIA HANDLERS

We can manage your Business social media handlers Facebook, instagram & YouTube



24/7 TECH SUPPORT

We provide 24/7 tech support



For more information call

Boota Singh Basi +1 (209) 303-1260

www.sanjhisoch.com

PATTRON: HARJIT BASI

MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH

DAILY NEWSPAPER

2601 Oakdale Road,
Suite H2-167 Modesto,
CA 95355 USA

Cell: (209) 303-1260

Email: info@sanjhisoch.com

Visit at: www.sanjhisoch.com

ਇੱਥੋਂ ਉੱਡ ਜਾ ਭੋਲ਼ਿਆ ਪੰਛੀਆ ਵੇ ਤੂੰ ਆਪਣੀ ਜਾਨ ਬਚਾ!



ਇਨਸਾਨ ਦੀ ਜ਼ਿੰਦਗੀ ਵਿੱਚ ਸਭ ਤੋਂ ਵੱਡੀ ਦੌਲਤ ਪੈਸਾ, ਜ਼ਮੀਨ, ਜਾਇਦਾਦ ਜਾਂ ਉੱਚਾ ਰੁਤਬਾ ਨਹੀਂ, ਸਗੋਂ ਕਿਸੇ ਆਪਣਿਆਂ ਦਾ ਭਰੋਸਾ ਹੁੰਦਾ ਹੈ। ਪੈਸਾ ਗੁਆ ਕੇ ਮੁੜ ਕਮਾਇਆ ਜਾ ਸਕਦਾ ਹੈ, ਪਰ ਜਦੋਂ ਕੋਈ ਆਪਣਾ ਹੀ ਪਿੱਠ ਵਿੱਚ ਛੁਰਾ ਮਾਰ ਦੇਵੇ ਤਾਂ ਉਸ ਜ਼ਖ਼ਮ ਦੀ ਕੋਈ ਦਵਾਈ ਨਹੀਂ ਹੁੰਦੀ। ਗ਼ੈਰਾਂ ਦੇ ਦਿੱਤੇ ਜ਼ਖ਼ਮ ਸਮੇਂ ਨਾਲ ਭਰ ਜਾਂਦੇ ਨੇ, ਪਰ ਆਪਣਿਆਂ ਦੇ ਦਿੱਤੇ ਜ਼ਖ਼ਮ ਉਮਰ ਭਰ ਰਿਸਦੇ ਰਹਿੰਦੇ ਨੇ।

ਇਤਿਹਾਸ ਦੇ ਪੰਨੇ ਫਰੋਲ ਕੇ ਦੇਖ ਲਵੋ, ਕਈ ਵੱਡੀਆਂ ਹਾਰਾਂ ਦੁਸ਼ਮਣ ਦੀ ਤਾਕਤ ਕਾਰਨ ਨਹੀਂ, ਸਗੋਂ ਆਪਣਿਆਂ ਦੀ ਗ਼ਦਾਰੀ ਕਾਰਨ ਹੋਈਆਂ ਨੇ। ਜਦੋਂ ਦੁਸ਼ਮਣ ਸਾਹਮਣੇ ਹੋਵੇ ਤਾਂ ਇਨਸਾਨ ਉਸ ਨਾਲ ਲੜਨ ਦੀ ਤਿਆਰੀ ਕਰ ਲੈਂਦਾ ਹੈ, ਪਰ ਜਦੋਂ ਆਪਣਾ ਖਾਸ ਹੀ ਦੋਸਤ ਦਾ ਚਿਹਰਾ ਪਾ ਕੇ ਦੁਸ਼ਮਣ ਨਾਲ ਰਲਿਆ ਬੈਠਾ ਹੋਵੇ ਤਾਂ ਇਨਸਾਨ ਆਪਣੀ ਰੱਖਿਆ ਕਿਵੇਂ ਕਰੇ? ਇਸੇ ਦਰਦ ਨੂੰ ਕਿਸੇ ਨੇ ਬੜੇ ਸੋਹਣੇ ਸ਼ਬਦਾਂ ਵਿੱਚ ਬਿਆਨ ਕੀਤਾ ਹੈ:

"ਹਮੇਂ ਤੋ ਅਪਨੋਂ ਨੇ ਲੂਟਾ, ਗ਼ੈਰੋਂ ਮੇਂ ਕਹਾਂ ਦਮ ਥਾ।"

23 ਜੂਨ 1757 ਨੂੰ ਬੰਗਾਲ ਦੇ ਪਲਾਸੀ ਦੇ ਮੈਦਾਨ ਵਿੱਚ ਹੋਈ ਲੜਾਈ ਇਸ ਗੱਲ ਦੀ ਇਤਿਹਾਸਕ ਮਿਸਾਲ ਹੈ। ਬੰਗਾਲ ਦਾ ਨਵਾਬ ਸਿਰਾਜੁੱਦੌਲਾ ਆਪਣੀ ਵਿਸ਼ਾਲ ਫ਼ੌਜ (ਲਗਭਗ 50000) ਨਾਲ ਈਸਟ ਇੰਡੀਆ ਕੰਪਨੀ ਦੇ ਰਾਬਰਟ ਕਲਾਈਵ ਦੀ ਅਗਵਾਈ ਵਾਲੀ ਛੋਟੀ ਫ਼ੌਜ (ਲਗਭਗ 3000) ਦਾ ਮੁਕਾਬਲਾ ਕਰਨ ਆਇਆ । ਨਵਾਬ ਕੋਲ ਕਲਾਈਵ ਨਾਲੋਂ ਲਗਭਗ 17 ਗੁਣਾ ਵੱਧ ਸੈਨਿਕ ਸ਼ਕਤੀ ਸੀ, ਪਰ ਫਿਰੰਗੀਆਂ ਕੋਲ ਇੱਕ ਅਜਿਹਾ ਹਥਿਆਰ ਸੀ ਜਿਸ ਦਾ ਕੋਈ ਤੋੜ ਨਹੀਂ ਸੀ—ਆਪਣਿਆਂ ਦੀ ਗ਼ਦਾਰੀ।

ਮੀਰ ਜਾਫ਼ਰ, ਰਾਏ ਦੁਰਲਭ ਅਤੇ ਯਾਰ ਲੁਤਫ਼ ਖ਼ਾਨ ਵਰਗੇ ਸੈਨਾਪਤੀਆਂ ਦੀ ਭੂਮਿਕਾ ਨੇ ਨਵਾਬ ਦੀ ਫ਼ੌਜ ਨੂੰ ਅੰਦਰੋਂ ਤੋੜ ਦਿੱਤਾ। ਇਹ ਤਿੰਨੋਂ ਨਵਾਬ ਨੂੰ ਉਕਸਾ ਰਹੇ ਸੀ ਕਿ ਜਲਦੀ ਲੜਾਈ ਸ਼ੁਰੂ ਕਰੋ,ਆਪਾਂ ਜਿੱਤੇ ਹੀ ਪਏ ਆਂ।ਪਰ ਲੜਾਈ ਵਾਲੇ ਦਿਨ ਆਪਣੇ ਤਿੰਨੋਂ ਸੈਨਾਪਤੀਆਂ ਨੂੰ ਵਿਰੋਧੀ ਖੇਮੇ ਚ ਵੇਖ ਕੇ 24 ਸਾਲਾ ਨੌਜਵਾਨ ਨਵਾਬ ਦਾ ਦਿਲ ਰੋ ਪਿਆ,ਉਸ ਵਿੱਚ ਲੜਨ ਦਾ ਹੌਸਲਾ ਨਾ ਰਿਹਾ।ਦੂਜੇ ਪਾਸੇ ਮੀਰ ਮਦਨ (ਜਿਸ ਦੀ ਵਫਾਦਾਰੀ ਤੇ ਨਵਾਬ ਨੂੰ ਸ਼ੱਕ ਸੀ) ਨੇ ਵਫ਼ਾਦਾਰੀ ਨਾਲ ਜੰਗ ਲੜੀ ਅਤੇ ਤੋਪ ਦੇ ਗੋਲੇ ਨਾਲ ਜ਼ਖ਼ਮੀ ਹੋ ਕੇ ਆਪਣੀ ਜਾਨ ਗੁਆ ਦਿੱਤੀ। ਇੱਕ ਪਾਸੇ ਵਫ਼ਾਦਾਰੀ ਦੀ ਮਿਸਾਲ ਸੀ, ਦੂਜੇ ਪਾਸੇ ਨਿੱਜੀ ਲਾਲਚ ਦੀ ਇੰਤਹਾ। ਮੀਰ ਜਾਫ਼ਰ ਨੇ ਅੰਗਰੇਜ਼ਾਂ ਨਾਲ ਸਮਝੌਤਾ ਕਰਕੇ ਨਵਾਬ ਦੀ ਗੱਦੀ ਹਾਸਲ ਕਰ ਲਈ, ਪਰ ਜਿਸ ਗੱਦੀ ਲਈ ਉਸ ਨੇ ਆਪਣੇ ਮਾਲਕ ਨਾਲ ਗ਼ਦਾਰੀ ਕੀਤੀ ਸੀ, ਉਹ ਵੀ ਉਸ ਦੀ ਆਪਣੀ ਨਾ ਰਹੀ। ਅੰਗਰੇਜ਼ਾਂ ਨੇ ਬਾਅਦ ਵਿੱਚ ਉਸ ਨੂੰ ਵੀ ਸੱਤਾ ਤੋਂ ਲਾਂਭੇ ਕਰ ਦਿੱਤਾ। ਸੋਚਣ ਵਾਲੀ ਗੱਲ ਹੈ ਕਿ ਸਿਰਾਜੁੱਦੌਲਾ ਨੂੰ ਹਰਾਉਣ ਲਈ ਅੰਗਰੇਜ਼ਾਂ ਨੂੰ ਕਿੰਨੀ ਮਿਹਨਤ ਕਰਨੀ ਪਈ? ਜਿਸ ਕੰਮ ਲਈ ਹਜ਼ਾਰਾਂ ਤਲਵਾਰਾਂ ਦੀ ਲੋੜ ਹੋਣੀ ਚਾਹੀਦੀ ਸੀ, ਉਹ ਕੁਝ ਗ਼ਦਾਰਾਂ ਦੇ ਇਰਾਦਿਆਂ ਨੇ ਹੀ ਕਰ ਦਿੱਤਾ। ਇਤਿਹਾਸ ਅੱਜ ਵੀ ਸਵਾਲ ਕਰਦਾ ਹੈ ਕਿ ਜੇਕਰ ਆਪਣੇ ਹੀ ਸਾਥ ਦੇ ਜਾਂਦੇ ਤਾਂ ਕੀ ਭਾਰਤ ਦਾ ਇਤਿਹਾਸ ਕੁਝ ਹੋਰ ਹੁੰਦਾ?

ਇਸੇ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸਿੱਖ ਰਾਜ ਦੇ ਲਾਹੌਰ ਦਰਬਾਰ ਵਿੱਚ ਸਾਜ਼ਿਸ਼ਾਂ, ਸੱਤਾ ਦੀ ਲਾਲਸਾ ਅਤੇ ਆਪਸੀ ਫੁੱਟ ਨੇ ਇੱਕ ਮਜ਼ਬੂਤ ਰਾਜ ਦੀਆਂ ਨੀਂਹਾਂ ਹਿਲਾ ਦਿੱਤੀਆਂ। ਜੂਨ 1839 ਵਿੱਚ ਮਹਾਰਾਜਾ ਦੇ ਚਲਾਣੇ ਤੋਂ ਬਾਅਦ ਖੜਕ ਸਿੰਘ, ਨੌਨਿਹਾਲ ਸਿੰਘ ਅਤੇ ਮਹਾਰਾਣੀ ਚੰਦ ਕੌਰ ਦੇ ਦੌਰ ਵਿੱਚ ਸੱਤਾ ਲਈ ਸ਼ਾਜਿਸ਼ਾਂ ਵਧਦੀਆਂ ਗਈਆਂ।

1842 ਵਿੱਚ ਮਹਾਰਾਜਾ ਬਣੇ ਸ਼ੇਰ ਸਿੰਘ ਨੂੰ ਵੀ ਆਖ਼ਰਕਾਰ ਆਪਣਿਆਂ ਤੇ ਕੀਤੇ ਵਿਸ਼ਵਾਸ਼ ਕਾਰਨ ਹੀ ਜਾਨ ਗਵਾਉਣੀ ਪਈ।ਸੰਧਾਵਾਲੀਆ ਸਰਦਾਰਾਂ ਨੂੰ ਗਦਾਰੀ ਕਾਰਨ ਲਾਹੌਰ ਦਰਬਾਰ ਚੋਂ ਕੱਢ ਦਿੱਤਾ ਗਿਆ ਸੀ,ਪਰ ਬਾਅਦ ਵਿੱਚ ਉਹਨਾਂ ਨੇ ਮਹਾਰਾਜੇ ਤੋਂ ਮੁਆਫੀ ਮੰਗ ਲਈ ਤੇ ਨਰਮ ਦਿਲ ਮਹਾਰਾਜੇ ਨੇ ਦੁਬਾਰਾ ਉਨਾਂ ਦੀਆਂ ਜਾਗੀਰਾਂ ਵਾਪਿਸ ਕਰ ਦਿੱਤੀਆਂ,ਇਹੀ ਮਹਾਰਾਜੇ ਦੀ ਸਭ ਤੋਂ ਵੱਡੀ ਭੁੱਲ ਸੀ।ਲਾਹੌਰ ਦਰਬਾਰ ਵਾਪਸ ਆ ਕੇ ਸੰਧਾਵਾਲੀਏ ਸਰਦਾਰ ਹਰ ਰੋਜ ਗੁਪਤ ਮੀਟਿੰਗਾਂ ਕਰਦੇ ਕਿ ਮਹਾਰਾਜੇ ਤੇ ਉਸ ਦੇ ਪੁੱਤਰ ਨੂੰ ਕਦੋਂ ਅਤੇ ਕਿਵੇਂ ਮਾਰਨਾ ਹੈ।ਆਖਿਰ 15 ਸਤੰਬਰ 1843 ਨੂੰ ਅਜੀਤ ਸਿੰਘ ਸੰਧਾਂਵਾਲੀਆ ਨੇ ਮਹਾਰਾਜਾ ਸ਼ੇਰ ਸਿੰਘ ਦੀ ਹੱਤਿਆ ਕਰ ਦਿੱਤੀ। ਉਸ ਦੇ ਪੁੱਤਰ ਪ੍ਰਤਾਪ ਸਿੰਘ ਅਤੇ ਰਾਜਾ ਧਿਆਨ ਸਿੰਘ ਵੀ ਉਸੇ ਸਾਜ਼ਿਸ਼ੀ ਕਤਲੇਆਮ ਵਿੱਚ ਮਾਰੇ ਗਏ। ਬਾਅਦ ਵਿੱਚ ਹੀਰਾ ਸਿੰਘ ਨੇ ਬਦਲਾ ਲੈਂਦਿਆਂ ਸੰਧਾਂਵਾਲੀਆ ਧੜੇ ਨੂੰ ਖਤਮ ਕਰ ਦਿੱਤਾ ।

ਕਿੰਨੀ ਅਜੀਬ ਗੱਲ ਹੈ! ਜਿਹੜੇ ਲੋਕ ਕਦੇ ਇੱਕੋ ਦਰਬਾਰ ਵਿੱਚ ਬੈਠਦੇ ਸਨ, ਇੱਕੋ ਥਾਲੀ ਵਿੱਚ ਖਾਂਦੇ ਸਨ, ਇੱਕੋ ਮਹਾਰਾਜੇ ਦੀਆਂ ਸਿਫ਼ਤਾਂ ਕਰਦੇ ਸਨ, ਉਹੀ ਇੱਕ ਦੂਜੇ ਦੇ ਖ਼ੂਨ ਦੇ ਪਿਆਸੇ ਹੋ ਗਏ। ਜਦੋਂ ਘਰ ਦੀਆਂ ਕੰਧਾਂ ਹੀ ਘਰ ਨੂੰ ਢਾਹੁਣ ਲੱਗ ਪੈਣ ਤਾਂ ਬਾਹਰਲੇ ਤੂਫ਼ਾਨਾਂ ਦੀ ਕੀ ਲੋੜ ਰਹਿ ਜਾਂਦੀ ਹੈ?

ਪਰ ਗ਼ਦਾਰੀ ਸਿਰਫ਼ ਇਤਿਹਾਸ ਦੇ ਮਹਿਲਾਂ ਅਤੇ ਰਾਜ ਦਰਬਾਰਾਂ ਤੱਕ ਸੀਮਤ ਨਹੀਂ ਰਹੀ। ਅੱਜ ਵੀ ਇਹ ਸਾਡੇ ਘਰਾਂ, ਰਿਸ਼ਤਿਆਂ ਅਤੇ ਸਮਾਜ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਮੌਜੂਦ ਹੈ।ਕਈ ਵਾਰ ਭੈਣ-ਭਰਾ,ਦੋਸਤ ਆਦਿ ਇਸ ਗੱਲ ਤੋਂ ਨਫਰਤ ਕਰ ਬੈਠਣ ਪਤਾ ਨਹੀਂ ਲੱਗਦਾ ,ਜਮੀਨ ਦੇ ਕੁਝ ਟੁਕੜਿਆਂ ਪਿੱਛੇ ਸਾਰੀ ਉਮਰ ਦਾ ਪਿਆਰ ਭੁੱਲ ਜਾਂਦੇ ਹਨ। ਜਿਸ ਭਰਾ ਜਾਂ ਦੋਸਤ ਨਾਲ ਬਚਪਨ ਵਿੱਚ ਇੱਕੋ ਥਾਲੀ ਵਿੱਚ ਰੋਟੀ ਖਾਧੀ ਹੋਵੇ, ਜਿਸ ਦੀ ਉਂਗਲ ਫੜ ਕੇ ਤੁਰਨਾ ਸਿੱਖਿਆ ਹੋਵੇ, ਉਸੇ ਭਰਾ ਜਾਂ ਦੋਸਤ ਨਾਲ ਜ਼ਮੀਨ ਦੇ ਕੁਝ ਮਰਲਿਆਂ ਪਿੱਛੇ ਅਦਾਲਤਾਂ ਵਿੱਚ ਲੜਾਈ ਹੁੰਦੀ ਹੈ। ਮਾਂ-ਬਾਪ ਜਿਉਂਦੇ ਜੀਅ ਪੁੱਤਰਾਂ ਨੂੰ ਇਕੱਠੇ ਦੇਖਣ ਲਈ ਤਰਸਦੇ ਰਹਿੰਦੇ ਹਨ ਅਤੇ ਮਰਨ ਤੋਂ ਬਾਅਦ ਉਨ੍ਹਾਂ ਦੀ ਛੱਡੀ ਜਾਇਦਾਦ ਲਈ ਭਰਾ ਇੱਕ ਦੂਜੇ ਦੇ ਦੁਸ਼ਮਣ ਬਣ ਜਾਂਦੇ ਹਨ।ਕਿੰਨਾ ਦਰਦ ਹੁੰਦਾ ਹੋਵੇਗਾ ਉਸ ਮਾਂ ਦੇ ਦਿਲ ਨੂੰ, ਜਿਸ ਨੇ ਨੌਂ ਮਹੀਨੇ ਕੁੱਖ ਵਿੱਚ ਰੱਖ ਕੇ, ਆਪਣੀ ਨੀਂਦ ਅਤੇ ਆਪਣਾ ਸੁੱਖ ਕੁਰਬਾਨ ਕਰਕੇ ਬੱਚਿਆਂ ਨੂੰ ਪਾਲਿਆ ਹੋਵੇ, ਪਰ ਬੁਢਾਪੇ ਵਿੱਚ ਉਹੀ ਬੱਚੇ ਉਸ ਨੂੰ ਵੰਡ ਕੇ ਰੱਖਣ ਦੀਆਂ ਗੱਲਾਂ ਕਰਨ! ਜਿਸ ਘਰ ਵਿੱਚ ਕਦੇ ਮਾਂ ਦੀ ਆਵਾਜ਼ ਨਾਲ ਰੌਣਕ ਹੁੰਦੀ ਸੀ, ਉੱਥੇ ਅੱਜ ਉਸ ਦੀਆਂ ਅੱਖਾਂ ਦੇ ਹੰਝੂ ਵੀ ਕਿਸੇ ਨੂੰ ਦਿਖਾਈ ਨਹੀਂ ਦਿੰਦੇ।

ਅੱਜ ਪੰਜਾਬ ਦਾ ਇੱਕ ਹੋਰ ਦਰਦ ਵਿਦੇਸ਼ਾਂ ਵਿੱਚ ਬੈਠੇ ਪੰਜਾਬੀਆਂ ਦੀ ਜ਼ਿੰਦਗੀ ਨਾਲ ਜੁੜਿਆ ਹੋਇਆ ਹੈ। ਕਿੰਨੇ ਹੀ ਨੌਜਵਾਨ ਆਪਣੀ ਜਵਾਨੀ ਦੇ ਸੁਨਹਿਰੀ ਸਾਲ ਵਿਦੇਸ਼ਾਂ ਵਿੱਚ ਮਿਹਨਤ ਕਰਦੇ ਬਿਤਾ ਦਿੰਦੇ ਹਨ। ਠੰਢੀਆਂ ਰਾਤਾਂ, ਲੰਮੀਆਂ ਸ਼ਿਫ਼ਟਾਂ, ਫੈਕਟਰੀਆਂ ਅਤੇ ਖੇਤਾਂ ਵਿੱਚ ਖ਼ੂਨ-ਪਸੀਨਾ ਇੱਕ ਕਰਕੇ ਕਮਾਈ ਕਰਦੇ ਹਨ। ਹਰ ਮਹੀਨੇ ਪੈਸੇ ਪੰਜਾਬ ਭੇਜਦੇ ਹਨ ਤਾਂ ਜੋ ਘਰ ਦੇ ਚੁੱਲ੍ਹੇ ਬਲਦੇ ਰਹਿਣ, ਮਾਂ-ਬਾਪ ਦੀਆਂ ਦਵਾਈਆਂ ਆਉਂਦੀਆਂ ਰਹਿਣ ਅਤੇ ਭੈਣ-ਭਰਾਵਾਂ ਦੀਆਂ ਲੋੜਾਂ ਪੂਰੀਆਂ ਹੁੰਦੀਆਂ ਰਹਿਣ।

ਫ਼ੋਨ 'ਤੇ ਹਰ ਵਾਰ ਇੱਕੋ ਆਵਾਜ਼ ਆਉਂਦੀ ਹੈ, "ਪੁੱਤ, ਆਪਣਾ ਖ਼ਿਆਲ ਰੱਖੀਂ, ਇੱਥੇ ਤੇਰੇ ਬਿਨਾਂ ਦਿਲ ਨਹੀਂ ਲੱਗਦਾ। ਛੁੱਟੀ ਲੈ ਕੇ ਪਿੰਡ ਆ ਜਾ।"

ਵਿਦੇਸ਼ ਬੈਠਾ ਪੁੱਤਰ ਵੀ ਇਹੀ ਸੁਪਨਾ ਦੇਖਦਾ ਹੈ ਕਿ ਇੱਕ ਦਿਨ ਸਭ ਕੁਝ ਛੱਡ ਕੇ ਆਪਣੀ ਮਿੱਟੀ ਵਿੱਚ ਵਾਪਸ ਆਵੇਗਾ। ਉਹ ਸੋਚਦਾ ਹੈ ਕਿ ਜਿਨ੍ਹਾਂ ਲਈ ਸਾਰੀ ਉਮਰ ਕਮਾਇਆ, ਹੁਣ ਉਨ੍ਹਾਂ ਦੇ ਨਾਲ ਰਹਿ ਕੇ ਬਾਕੀ ਜ਼ਿੰਦਗੀ ਗੁਜ਼ਾਰੇਗਾ। ਪਰ ਜਦੋਂ ਉਹ ਵਾਪਸ ਆਉਣ ਦਾ ਪੱਕਾ ਫ਼ੈਸਲਾ ਕਰ ਲੈਂਦਾ ਹੈ ਤਾਂ ਕਈ ਵਾਰ ਉਸ ਦੇ ਆਪਣੇ ਹੀ ਉਸ ਦੇ ਰਾਹ ਵਿੱਚ ਕੰਧ ਬਣ ਕੇ ਖੜ੍ਹੇ ਹੋ ਜਾਂਦੇ ਹਨ।ਉਸ ਨਾਲ ਹਰ ਰੋਜ ਸ਼ਾਜਿਸ਼ਾਂ ਕੀਤੀਆਂ ਜਾਂਦੀਆਂ ਨੇ,ਉਸ ਨੂੰ ਵਾਪਸ ਚਲੇ ਜਾਣ ਲਈ ਮਜਬੂਰ ਕੀਤਾ ਜਾਂਦਾ ਏ।ਕਿਸੇ ਨੂੰ ਜ਼ਮੀਨ ਦੀ ਵੰਡ ਦਾ ਡਰ, ਕਿਸੇ ਨੂੰ ਜਾਇਦਾਦ ਖੁੱਸਣ ਦਾ ਡਰ ਅਤੇ ਕਿਸੇ ਨੂੰ ਆਪਣੀਆਂ ਸਹੂਲਤਾਂ ਘਟਣ ਦਾ ਡਰ ਸਤਾਉਣ ਲੱਗ ਪੈਂਦਾ ਹੈ। ਫਿਰ ਉਹੀ ਆਪਣਾ, ਜਿਸ ਦੀ ਉਡੀਕ ਵਿੱਚ ਕਦੇ ਅੱਖਾਂ ਵਿਛਾਈਆਂ ਜਾਂਦੀਆਂ ਸਨ, ਉਸ ਦੀ ਵਾਪਸੀ ਲਈ ਤਰਕੀਬਾਂ ਲਗਾਈਆਂ ਜਾਂਦੀਆਂ ਨੇ।ਆਖ਼ਰ ਉਹ ਨੌਜਵਾਨ ਆਪਣਾ ਬੈਗ ਚੁੱਕਦਾ ਹੈ, ਹਵਾਈ ਅੱਡੇ ਵੱਲ ਤੁਰ ਪੈਂਦਾ ਹੈ। ਜਹਾਜ਼ ਦੀ ਖਿੜਕੀ ਵਿੱਚੋਂ ਜਦੋਂ ਪੰਜਾਬ ਦੀ ਧਰਤੀ ਨਜ਼ਰ ਆਉਂਦੀ ਹੈ ਤਾਂ ਉਸ ਦੀਆਂ ਅੱਖਾਂ ਭਰ ਆਉਂਦੀਆਂ ਹਨ। ਦਿਲ ਕਰਦਾ ਹੈ ਕਿ ਜਹਾਜ਼ ਰੁਕ ਜਾਵੇ, ਉਹ ਉਤਰ ਕੇ ਆਪਣੀ ਮਾਂ ਦੀ ਗੋਦ ਵਿੱਚ ਸਿਰ ਰੱਖ ਲਵੇ, ਆਪਣੇ ਪਿੰਡ ਦੀਆਂ ਗਲੀਆਂ ਵਿੱਚ ਘੁੰਮੇ, ਆਪਣੇ ਖੇਤਾਂ ਦੀ ਮਿੱਟੀ ਵਿੱਚ 'ਮੱਡ ਬਾਥ' ਲਵੇ। ਪਰ ਫਿਰ ਉਸ ਨੂੰ ਉਹ ਚਿਹਰੇ ਯਾਦ ਆਉਂਦੇ ਹਨ, ਉਹ ਗੱਲਾਂ ਯਾਦ ਆਉਂਦੀਆਂ ਹਨ ਅਤੇ ਉਹ ਸਾਜ਼ਿਸ਼ਾਂ ਯਾਦ ਆਉਂਦੀਆਂ ਹਨ ਜਿਨ੍ਹਾਂ ਨੇ ਉਸ ਨੂੰ ਆਪਣੀ ਮਿੱਟੀ ਤੋਂ ਦੂਰ ਰਹਿਣ ਲਈ ਮਜਬੂਰ ਕੀਤਾ ਸੀ।

ਲੋਕ ਕਹਿੰਦੇ ਹਨ ਕਿ ਵਿਦੇਸ਼ ਜਾਣ ਵਾਲੇ ਪੰਜਾਬੀ ਆਪਣੀ ਮਿੱਟੀ ਨੂੰ ਭੁੱਲ ਗਏ ਹਨ। ਪਰ ਕੌਣ ਪੁੱਛੇ ਕਿ ਉਨ੍ਹਾਂ ਨੂੰ ਆਪਣੀ ਮਿੱਟੀ ਤੋਂ ਦੂਰ ਰਹਿਣ ਲਈ ਮਜਬੂਰ ਕਿਸ ਨੇ ਕੀਤਾ? ਹਰ ਵਾਰ ਦੋਸ਼ ਵਿਦੇਸ਼ ਜਾਣ ਵਾਲੇ ਨੂੰ ਹੀ ਕਿਉਂ ਦਿੱਤਾ ਜਾਂਦਾ ਹੈ? ਕਦੇ ਉਸ ਦੇ ਦਿਲ ਵਿੱਚ ਝਾਤ ਮਾਰ ਕੇ ਵੀ ਦੇਖੋ, ਹੋ ਸਕਦਾ ਹੈ ਉਹਦੇ ਦਿਲ ਵਿੱਚ ਅੱਜ ਵੀ ਇੱਕ ਪਿੰਡ ਵੱਸਦਾ ਹੋਵੇ, ਇੱਕ ਮਾਂ ਉਡੀਕਦੀ ਹੋਵੇ ਅਤੇ ਇੱਕ ਘਰ ਦੀਆਂ ਉਸ ਦੇ ਸੁਪਨਿਆਂ ਚ ਉਸ ਨੂੰ ਆਵਾਜ਼ਾਂ ਮਾਰਦੀਆਂ ਹੋਣ।

ਕਿਸੇ ਨੇ ਸੱਚ ਹੀ ਕਿਹਾ ਹੈ ਕਿ ਦੁਸ਼ਮਣ ਦਾ ਵਾਰ ਸਰੀਰ ਨੂੰ ਜ਼ਖ਼ਮੀ ਕਰਦਾ ਹੈ, ਪਰ ਆਪਣੇ ਦਾ ਵਾਰ ਰੂਹ ਨੂੰ ਜ਼ਖ਼ਮੀ ਕਰ ਦਿੰਦਾ ਹੈ। ਵਿਸ਼ਵਾਸ ਇੱਕ ਵਾਰ ਟੁੱਟ ਜਾਵੇ ਤਾਂ ਫਿਰ ਇਨਸਾਨ ਹਰ ਮੁਸਕਰਾਉਂਦੇ ਚਿਹਰੇ ਵਿੱਚ ਵੀ ਕੋਈ ਸਾਜ਼ਿਸ਼ ਲੱਭਣ ਲੱਗ ਪੈਂਦਾ ਹੈ। ਉਹ ਹੱਸਦਾ ਤਾਂ ਹੈ, ਪਰ ਪਹਿਲਾਂ ਵਰਗਾ ਹੱਸ ਨਹੀਂ ਸਕਦਾ। ਲੋਕਾਂ ਵਿੱਚ ਬੈਠਦਾ ਤਾਂ ਹੈ, ਪਰ ਕਿਸੇ ਨੂੰ ਦਿਲ ਦੀ ਗੱਲ ਨਹੀਂ ਦੱਸ ਸਕਦਾ।

ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਇਨਸਾਨ ਦੀ ਅਸਲ ਪਛਾਣ ਉਸ ਦੀ ਦੌਲਤ ਜਾਂ ਤਾਕਤ ਨਹੀਂ, ਸਗੋਂ ਉਸ ਦੀ ਵਫ਼ਾਦਾਰੀ ਹੈ। ਦੁਨੀਆਂ ਵਿੱਚ ਸਭ ਤੋਂ ਵੱਡਾ ਅਮੀਰ ਉਹ ਹੈ ਜਿਸ ਦੇ ਜਾਣ ਤੋਂ ਬਾਅਦ ਵੀ ਲੋਕ ਉਸ ਦੀਆਂ ਵਫ਼ਾਦਾਰੀਆਂ ਦੀਆਂ ਮਿਸਾਲਾਂ ਦਿੰਦੇ ਨੇ ਅਤੇ ਸਭ ਤੋਂ ਵੱਡਾ ਗ਼ਰੀਬ ਉਹ ਹੈ ਜਿਸ ਕੋਲ ਸਭ ਕੁਝ ਹੋਣ ਦੇ ਬਾਵਜੂਦ ਕੋਈ ਉਸ 'ਤੇ ਭਰੋਸਾ ਨਾ ਕਰਦਾ ਹੋਵੇ।

ਆਖ਼ਰ ਵਿੱਚ ਨੰਦ ਲਾਲ ਨੂਰਪੁਰੀ ਦੀਆਂ ਇਹ ਸਤਰਾਂ ਯਾਦ ਆਉਂਦੀਆਂ ਹਨ, ਜੋ ਅੱਜ ਵੀ ਹਰ ਉਸ ਇਨਸਾਨ ਦੇ ਦਿਲ ਦੀ ਆਵਾਜ਼ ਬਣ ਜਾਂਦੀਆਂ ਹਨ ਜਿਸ ਨੂੰ ਆਪਣਿਆਂ ਤੋਂ ਗਦਾਰੀ,ਧੋਖਾ ਤੇ ਸ਼ਾਜਿਸ਼ਾਂ ਮਿਲੀਆਂ ਹੋਣ:

"ਇੱਥੋਂ ਉੱਡ ਜਾ ਭੋਲਿਆ ਪੰਛੀਆ, ਵੇ ਤੂੰ ਆਪਣੀ ਜਾਨ ਬਚਾ,
ਏਥੇ ਘਰ-ਘਰ ਫਾਹੀਆਂ ਗੱਡੀਆਂ, ਵੇ ਤੂੰ ਛੁਰੀਆਂ ਹੇਠ ਨਾ ਆ।"

ਕਿੰਨਾ ਦਰਦ ਛੁਪਿਆ ਹੋਇਆ ਹੈ ਇਨ੍ਹਾਂ ਸਤਰਾਂ ਵਿੱਚ! ਇੱਕ ਪੰਛੀ ਨੂੰ ਆਪਣਾ ਆਲ੍ਹਣਾ ਛੱਡ ਕੇ ਉੱਡਣ ਦੀ ਸਲਾਹ ਦਿੱਤੀ ਜਾ ਰਹੀ ਹੈ, ਕਿਉਂਕਿ ਹੁਣ ਉਸ ਦਾ ਆਪਣਾ ਘਰ ਵੀ ਉਸ ਲਈ ਸੁਰੱਖਿਅਤ ਨਹੀਂ ਰਿਹਾ।

ਪਰ ਸਵਾਲ ਇਹ ਹੈ ਕਿ ਜੇਕਰ ਪੰਛੀ ਆਪਣਾ ਆਲ੍ਹਣਾ ਹੀ ਛੱਡ ਦੇਣਗੇ ਤਾਂ ਫਿਰ ਆਲ੍ਹਣਿਆਂ ਵਿੱਚ ਰਹੇਗਾ ਕੌਣ? ਜੇਕਰ ਪੁੱਤਰ ਆਪਣੇ ਘਰਾਂ ਵਿੱਚ ਵਾਪਸ ਆਉਣ ਤੋਂ ਡਰਨਗੇ, ਭਰਾ ਭਰਾਵਾਂ 'ਤੇ ਦੋਸਤ ਦੋਸਤ ਤੇ ਭਰੋਸਾ ਨਹੀਂ ਕਰਨਗੇ ਅਤੇ ਦੋਸਤ ਦੋਸਤਾਂ ਤੋਂ ਸਹਿਮਣਗੇ ਤਾਂ ਸਮਾਜ ਕਿਵੇਂ ਬਚੇਗਾ?

information in Public Interest



ਡਾ.ਗੁਰਦੀਪ ਸਿੰਘ ਵੱਲੋਂ ਪ੍ਰਸਾਰਿਤ ਸਿਹਤ ਵਿਗਿਆਨ (Health Education) ਦੀ ਲੜੀਵਾਰ ਲੈਕਚਰ ਸੀਰੀਜ਼ ਸੁਣੋ। ਰੋਜ਼ਾਨਾ ਕੈਲੀਫੋਰਨੀਆ ਟਾਈਮ ਸਮਾਂ ਸ਼ਾਮ 5 ਵਜੇ ਤੋਂ 6 ਵਜੇ ਤੱਕ। ਇਕ ਦਿਨ ਪੰਜਾਬੀ, ਇਕ ਦਿਨ ਅੰਗਰੇਜੀ ਅਤੇ ਇਕ ਦਿਨ ਹਿੰਦੀ ਵਿੱਚ ਰੇਡੀਓ ਸਬਰੰਗ (www.sabrangstation.com) ਯੂ ਟਿਊਬ, ਫੇਸਬੁੱਕ ਅਤੇ ਸਾਂਝੀ ਸੋਚ ਟੀ.ਵੀ ਉੱਪਰ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Dr.Gurdip S Sandhu: (408) 687 1899, (925) 587 1148

ਇਸ ਦੀਵਾਲੀ ਮਿਠਾਸ ਤੇ
ਖੁਸ਼ੀਆਂ ਦਾ ਸੁਆਦ ਮਾਣੋ!

STAR INDIA
SWEETS & CATERING
By Ashok Verma

ਦੀਵਾਲੀ ਦੀਆਂ ਖ਼ਾਸ ਮਿਠਾਈਆਂ ਤੇ ਪਕਵਾਨ:
ਦੇਸੀ ਘਿਓ ਦੀਆਂ ਜਲੇਬੀਆਂ, ਸੁਆਦਿਸ਼ਟ ਮਠਿਆਈਆਂ ਤੇ
ਦੀਵਾਲੀ ਦੇ ਖ਼ਾਸ ਪਕਵਾਨ ਅਤੇ ਹੋਰ ਵੀ ਬਹੁਤ ਕੁਝ!





CATERING SERVICES
ਵਿਆਹਾਂ • ਪਾਰਟੀਆਂ • ਹਰ ਤਰ੍ਹਾਂ ਦੇ ਸਮਾਗਮਾਂ ਲਈ
100 ਤੋਂ 2000 ਮਹਿਮਾਨਾਂ ਤੱਕ ਖਾਣੇ ਦਾ ਸ਼ਾਨਦਾਰ ਪ੍ਰਬੰਧ!

CONTACT US
209-629-8511 | 209-858-1380
Cell: 209-681-5171
www.starindiacatering.com

OUR ADDRESS
209 E. Louise Avenue,
Lathrop, California 95330, USA.

STAR INDIA
ਹਰ ਖੁਸ਼ੀ ਦਾ ਸੁਆਦ, ਹਰ ਮੌਕੇ ਦੀ ਸ਼ਾਨ

ਕੰਬੋਡੀਆ ਨੇ ਲੜਕੀਆਂ ਨੂੰ ਸਰਵਾਈਕਲ ਕੈਂਸਰ ਤੋਂ ਬਚਾਉਣ ਲਈ ਦੇਸ਼-ਵਿਆਪੀ ਐਚਪੀਵੀ ਮੁਹਿੰਮ ਕੀਤੀ ਸ਼ੁਰੂ

ਕੰਬੋਡੀਆ
ਸਾਂਝੀ ਸੋਚ ਬਿਊਰੋ

ਬੁੱਧਵਾਰ ਨੂੰ ਜਾਰੀ ਇੱਕ ਸਾਂਝੀ ਪ੍ਰੈਸ ਰਿਲੀਜ਼ ਅਨੁਸਾਰ, ਕੰਬੋਡੀਆ ਨੇ ਕਿਸ਼ੋਰ ਲੜਕੀਆਂ ਨੂੰ ਸਰਵਾਈਕਲ ਕੈਂਸ ਤੋਂ ਬਚਾਉਣ ਲਈ 'ਹਿਊਮਨ ਪੈਪੀਲੋਮਾਵਾਇਰਸ' ਵਿਰੁੱਧ ਇੱਕ ਦੇਸ਼-ਵਿਆਪੀ ਟੀਕਾਕਰਨ ਮੁਹਿੰਮ ਸ਼ੁਰੂ ਕੀਤੀ ਹੈ। ਇਸ ਮੁਹਿੰਮ ਵਿੱਚ ਵੱਖ-ਵੱਖ ਉਮਰ ਵਰਗਾਂ ਦੀਆਂ ਲੜਕੀਆਂ ਨੂੰ ਸ਼ਾਮਲ ਕੀਤਾ ਗਿਆ ਹੈ ਅਤੇ ਜਿਨ੍ਹਾਂ ਲੜਕੀਆਂ ਦਾ ਪਹਿਲਾਂ ਟੀਕਾਕਰਨ ਨਹੀਂ ਹੋ ਸਕਿਆ ਸੀ, ਉਨ੍ਹਾਂ ਨੂੰ ਵੀ ਕਵਰ ਕੀਤਾ ਜਾਵੇਗਾ।

ਕੰਬੋਡੀਆ ਵਿੱਚ ਸਰਵਾਈਕਲ ਕੈਂਸ ਜਨਤਕ ਸਿਹਤ ਲਈ ਇੱਕ ਵੱਡੀ ਚੁਣੌਤੀ ਬਣਿਆ ਹੋਇਆ ਹੈ ਅਤੇ ਇਹ ਹਰ ਉਮਰ ਦੀਆਂ ਔਰਤਾਂ ਵਿੱਚ ਦੂਜਾ ਸਭ ਤੋਂ ਆਮ ਕੈਂਸਰ ਹੈ। ਕਿਉਂਕਿ ਸਰਵਾਈਕਲ ਕੈਂਸ ਦੇ ਲਗਭਗ ਸਾਰੇ ਮਾਮਲੇ ਫੜ ਦੇ ਖ਼ਤਰਨਾਕ ਰੂਪਾਂ ਨਾਲ ਹੋਣ ਵਾਲੀ ਲੰਬੇ ਸਮੇਂ ਦੀ ਲਾਗ ਨਾਲ ਜੁੜੇ ਹੁੰਦੇ ਹਨ, ਇਸ ਲਈ ਟੀਕਾਕਰਨ ਇਸ ਤੋਂ ਬਚਾਅ ਦਾ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ ਹੈ।

ਸਾਲ 2023 ਵਿੱਚ ਕੰਬੋਡੀਆ ਦੇ 'ਰਾਸ਼ਟਰੀ ਟੀਕਾਕਰਨ ਪ੍ਰੋਗਰਾਮ' ਵਿੱਚ ਐਚਪੀਵੀ ਵੈਕਸੀਨ ਨੂੰ ਸਫਲਤਾਪੂਰਵਕ ਸ਼ਾਮਲ ਕਰਨ ਤੋਂ ਬਾਅਦ, ਇਹ ਨਵੀਂ ਮੁਹਿੰਮ 9 ਸਾਲ ਦੀਆਂ ਲੜਕੀਆਂ ਲਈ ਚੱਲ ਰਹੇ ਨਿਯਮਤ ਟੀਕਾਕਰਨ ਦੇ ਨਾਲ-ਨਾਲ ਚਲਾਈ ਜਾਵੇਗੀ। ' ਨਿਊਜ਼ ਏਜੰਸੀ' ਦੀ ਰਿਪੋਰਟ ਅਨੁਸਾਰ, ਇਸ ਪਹਿਲਕਦਮੀ ਤਹਿਤ 13 ਤੋਂ 14 ਸਾਲ ਦੀਆਂ ਸਾਰੀਆਂ ਲੜਕੀਆਂ ਨੂੰ ਮੁਫ਼ਤ ਐਚਪੀਵੀ ਵੈਕਸੀਨ ਦਿੱਤੀ ਜਾਵੇਗੀ। ਇਸ ਦੇ ਨਾਲ ਹੀ, 10 ਤੋਂ 12 ਸਾਲ ਦੀਆਂ ਉਨ੍ਹਾਂ ਲੜਕੀਆਂ ਨੂੰ ਵੀ ਟੀਕੇ ਲਗਾਏ ਜਾਣਗੇ ਜਿਨ੍ਹਾਂ ਦਾ 2023 ਤੋਂ 2025 ਦਰਮਿਆਨ ਨਿਯਮਤ ਟੀਕਾਕਰਨ ਨਹੀਂ ਹੋ ਸਕਿਆ ਸੀ। ਵੱਧ ਤੋਂ ਵੱਧ ਲੜਕੀਆਂ ਤੱਕ ਪਹੁੰਚ ਯਕੀਨੀ ਬਣਾਉਣ ਲਈ, ਇਹ



ਦੇਸ਼-ਵਿਆਪੀ ਮੁਹਿੰਮ ਨਵੰਬਰ ਤੋਂ ਦਸੰਬਰ 2026 ਤੱਕ ਦੋ ਪੜਾਵਾਂ ਵਿੱਚ ਚਲਾਈ ਜਾਵੇਗੀ। ਮੰਗਲਵਾਰ ਨੂੰ ਮੁਹਿੰਮ ਦੀ ਸ਼ੁਰੂਆਤ ਮੌਕੇ, ਕੰਬੋਡੀਆ ਦੇ ਸਿਹਤ ਮੰਤਰੀ ਛਿਆਂਗ ਰਾ ਨੇ ਆਉਣ ਵਾਲੀਆਂ ਪੀੜ੍ਹੀਆਂ ਦੀ ਸੁਰੱਖਿਆ ਲਈ ਦੇਸ਼ ਦੀ ਵਚਨਬੱਧਤਾ ਨੂੰ ਦੁਹਰਾਇਆ। ਉਨ੍ਹਾਂ ਕਿਹਾ, "ਹਰ ਲੜਕੀ ਨੂੰ ਸਰਵਾਈਕਲ ਕੈਂਸ ਤੋਂ ਸੁਰੱਖਿਆ ਮਿਲਣੀ ਚਾਹੀਦੀ ਹੈ। ਪੂਰੇ ਦੇਸ਼ ਵਿੱਚ ਫੜ ਟੀਕਾਕਰਨ ਦੇ ਮੌਕੇ ਵਧਾ ਕੇ, ਅਸੀਂ ਇਹ ਯਕੀਨੀ ਬਣਾ ਰਹੇ ਹਾਂ ਕਿ ਜਿਨ੍ਹਾਂ ਲੜਕੀਆਂ ਨੂੰ ਪਹਿਲਾਂ ਮੌਕਾ ਨਹੀਂ ਮਿਲਿਆ ਸੀ, ਉਹ ਵੀ ਇਸ ਸੁਰੱਖਿਅਤ, ਪ੍ਰਭਾਵਸ਼ਾਲੀ ਅਤੇ ਜਾਨ ਬਚਾਉਣ ਵਾਲੀ ਵੈਕਸੀਨ ਦਾ ਲਾਭ ਲੈ ਸਕਣ।"ਇਸ ਮੁਹਿੰਮ ਲਈ ਇੱਕ ਤਾਲਮੇਲ ਵਾਲੀ ਪਹੁੰਚ ਅਪਣਾਈ ਜਾਵੇਗੀ, ਜਿਸ ਤਹਿਤ ਸਕੂਲਾਂ, ਕਮਿਊਨਿਟੀ ਕੇਂਦਰਾਂ ਅਤੇ ਸਥਾਨਕ ਸਿਹਤ ਕੇਂਦਰਾਂ ਰਾਹੀਂ ਵੈਕਸੀਨ ਮੁਹੱਈਆ ਕਰਵਾਈ ਜਾਵੇਗੀ। ਕੰਬੋਡੀਆ ਵਿੱਚ ਵਿਸ਼ਵ ਸਿਹਤ ਸੰਗਠਨ ਦੇ ਪ੍ਰਤੀਨਿਧੀ ਮਾਰੀਆਨਾ ਟ੍ਰਾਈਅਸ ਨੇ ਕਿਹਾ ਕਿ ਐਚਪੀਵੀ ਟੀਕਾਕਰਨ ਸਰਵਾਈਕਲ ਕੈਂਸਰ ਨੂੰ ਰੋਕਣ ਲਈ ਸਭ ਤੋਂ ਪ੍ਰਭਾਵਸ਼ਾਲੀ ਸਾਧਨਾਂ ਵਿੱਚੋਂ ਇੱਕ ਹੈ। "14 ਸਾਲ ਤੱਕ ਦੀਆਂ ਕੁੜੀਆਂ ਲਈ ਟੀਕਾਕਰਨ ਦੇ ਮੌਕਿਆਂ ਦਾ ਵਿਸਤਾਰ ਕਰਕੇ, ਕੰਬੋਡੀਆ ਭਵਿੱਖ ਦੀਆਂ ਪੀੜ੍ਹੀਆਂ ਦੀ ਸਿਹਤ ਅਤੇ ਤੰਦਰੁਸਤੀ ਦੀ ਰੱਖਿਆ ਕਰਦੇ ਹੋਏ ਸਰਵਾਈਕਲ ਕੈਂਸ ਨੂੰ ਖਤਮ ਕਰਨ ਵੱਲ ਤਰੱਕੀ ਨੂੰ ਤੇਜ਼ ਕਰ ਰਿਹਾ ਹੈ, ਉਸਨੇ ਕਿਹਾ। ਸੰਯੁਕਤ ਪ੍ਰੈਸ ਰਿਲੀਜ਼ ਦੇ ਅਨੁਸਾਰ, ਐਚਪੀਵੀ ਟੀਕਾਕਰਨ ਸਭ ਤੋਂ ਪ੍ਰਭਾਵਸ਼ਾਲੀ ਦਖਲਅੰਦਾਜ਼ੀ ਵਿੱਚੋਂ ਇੱਕ ਹੈ, ਜਿਸ ਨਾਲ ਟੀਕਾਕਰਨ ਕੀਤੇ ਗਏ ਹਰ 1,000 ਬੱਚਿਆਂ ਲਈ ਅੰਦਾਜ਼ਨ 13 ਮੌਤਾਂ ਨੂੰ ਰੋਕਿਆ ਜਾ ਰਿਹਾ ਹੈ। ਇਹਨਾਂ ਯਤਨਾਂ ਦਾ ਸਮਰਥਨ ਕਰਦੇ ਹੋਏ, ਗਾਵੀ, ਟੀਕਾਕਰਨ ਅਲਾਇੰਸ, ਨੇ ਪਹਿਲਕਦਮੀ ਦੀ ਸਫਲਤਾ ਨੂੰ ਯਕੀਨੀ ਬਣਾਉਣ ਲਈ ਕਾਫ਼ੀ ਵਿੱਤੀ ਸਰੋਤਾਂ ਦੀ ਵਚਨਬੱਧਤਾ ਪ੍ਰਗਟ ਕੀਤੀ ਹੈ। "ਇਸ ਮੁਹਿੰਮ ਲਈ ਤਿੰਨ ਮਿਲੀਅਨ ਅਮਰੀਕੀ ਡਾਲਰ ਤੋਂ ਵੱਧ ਫੰਡਿੰਗ ਦੇ ਨਾਲ, ਜਿਸਦਾ ਉਦੇਸ਼ ਸਕੂਲਾਂ ਅਤੇ ਭਾਈਚਾਰਿਆਂ ਵਿੱਚ 700,000 ਤੋਂ ਵੱਧ ਕੁੜੀਆਂ ਦੀ ਰੱਖਿਆ ਕਰਨਾ ਹੈ, ਗਾਵੀ ਕਿਸ਼ੋਰ ਲੜਕੀਆਂ ਅਤੇ ਜ਼ਰੂਰੀ ਸਿਹਤ ਸੇਵਾਵਾਂ ਵਿਚਕਾਰ ਮਜ਼ਬੂਤ ਸਬੰਧ ਬਣਾਉਣ ਦੇ ਆਪਣੇ ਯਤਨਾਂ ਵਿੱਚ ਕੰਬੋਡੀਆ ਦਾ ਸਮਰਥਨ ਕਰਨ ਲਈ ਸਾਡੀ ਵਚਨਬੱਧਤਾ ਦੀ ਪੁਸ਼ਟੀ ਕਰਦਾ ਹੈ," ਗਾਵੀ ਦੇ ਮੁੱਖ ਦੇਸ਼ਾਂ ਦੀ ਨਿਰਦੇਸ਼ਕ ਪ੍ਰਿਆ ਗਜਰਾਜ ਨੇ ਕਿਹਾ।

ਭਾਰਤ ਅਤੇ ਨਾਈਜੀਰੀਆ ਦੇ ਮਨੁੱਖੀ ਅਧਿਕਾਰ ਕਮਿਸ਼ਨਾਂ ਨੇ ਅਬੂਜਾ ਵਿੱਚ ਸਮਝੌਤਾ ਪੱਤਰ 'ਤੇ ਕੀਤੇ ਦਸਤਖਤ

ਅਬੂਜਾ
ਸਾਂਝੀ ਸੋਚ ਬਿਊਰੋ

ਭਾਰਤ ਦੇ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਅਤੇ ਨਾਈਜੀਰੀਆ ਦੇ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਮੰਗਲਵਾਰ ਨੂੰ ਅਬੂਜਾ ਵਿੱਚ ਇੱਕ ਸਮਝੌਤਾ ਪੱਤਰ 'ਤੇ ਦਸਤਖਤ ਕੀਤੇ। ਇਹ ਜਾਣਕਾਰੀ ਅਬੂਜਾ ਸਥਿਤ ਭਾਰਤੀ ਹਾਈ ਕਮਿਸ਼ਨ ਵੱਲੋਂ ਦਿੱਤੀ ਗਈ ਹੈ। ਭਾਰਤੀ ਹਾਈ ਕਮਿਸ਼ਨ ਨੇ 'ਐਕਸ' 'ਤੇ ਪੋਸਟ ਕੀਤਾ, "ਭਾਰਤ ਦੇ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਅਤੇ ਨਾਈਜੀਰੀਆ ਦੇ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਵਿਚਕਾਰ ਅੱਜ ਅਬੂਜਾ ਵਿੱਚ ਇੱਕ ਸਮਝੌਤਾ ਪੱਤਰ 'ਤੇ ਦਸਤਖਤ ਕੀਤੇ ਗਏ, ਜੋ ਭਾਰਤ-ਨਾਈਜੀਰੀਆ ਸਬੰਧਾਂ ਵਿੱਚ ਇੱਕ ਮਹੱਤਵਪੂਰਨ ਪੜਾਅ ਹੈ।"ਇਸ ਤੋਂ ਪਹਿਲਾਂ ਮੰਗਲਵਾਰ ਨੂੰ, ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਚੇਅਰਮੈਨ ਜਸਟਿਸ ਵੀ. ਰਾਮਸੁਬਰਾਮਨੀਅਨ ਨੇ ਨਾਈਜੀਰੀਆ ਦੇ ਅਟਾਰਨੀ-ਜਨਰਲ ਅਤੇ ਨਿਆਂ ਮੰਤਰੀ ਪ੍ਰਿੰਸ ਲਤੀਫ਼ ਓਲਾਸੁਨਕਨਮੀ ਫਾਗਬੇਮੀ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਉਨ੍ਹਾਂ ਨੇ ਮਨੁੱਖੀ ਅਧਿਕਾਰਾਂ, ਨਿਆਂ ਤੱਕ ਪਹੁੰਚ ਅਤੇ ਕਾਨੂੰਨ ਦੇ ਸ਼ਾਸਨ ਦੇ ਖੇਤਰਾਂ ਵਿੱਚ ਦੋਵਾਂ ਦੇਸ਼ਾਂ ਵਿਚਕਾਰ ਸਹਿਯੋਗ ਨੂੰ ਮਜ਼ਬੂਤ ਕਰਨ ਦੇ ਤਰੀਕਿਆਂ 'ਤੇ ਚਰਚਾ ਕੀਤੀ।



ਨਾਈਜੀਰੀਆ ਵਿੱਚ ਭਾਰਤੀ ਹਾਈ ਕਮਿਸ਼ਨ ਨੇ ਕਿਹਾ, "ਇਸ ਮੁਲਾਕਾਤ ਨੇ ਆਪਸੀ ਹਿੱਤਾਂ ਦੇ ਮੁੱਦਿਆਂ 'ਤੇ ਵਿਚਾਰ ਸਾਂਝੇ ਕਰਨ ਅਤੇ ਮਨੁੱਖੀ ਅਧਿਕਾਰਾਂ, ਨਿਆਂ ਤੱਕ ਪਹੁੰਚ ਅਤੇ ਕਾਨੂੰਨ ਦੇ ਸ਼ਾਸਨ ਦੇ ਖੇਤਰਾਂ ਵਿੱਚ ਭਾਰਤ ਅਤੇ ਨਾਈਜੀਰੀਆ ਵਿਚਕਾਰ ਸਹਿਯੋਗ ਨੂੰ ਮਜ਼ਬੂਤ ਕਰਨ ਦੇ ਰਾਹ ਲੱਭਣ ਦਾ ਮੌਕਾ ਪ੍ਰਦਾਨ ਕੀਤਾ।"

ਜਸਟਿਸ ਰਾਮਸੁਬਰਾਮਨੀਅਨ ਦੀ ਅਗਵਾਈ ਵਾਲਾ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਵਫ਼ਦ ਸੋਮਵਾਰ ਨੂੰ ਅਬੂਜਾ ਪਹੁੰਚਿਆ ਸੀ। ਹਾਈ ਕਮਿਸ਼ਨ ਨੇ 'ਐਕਸ' 'ਤੇ ਪੋਸਟ ਕੀਤਾ, "ਹਾਈ ਕਮਿਸ਼ਨਰ ਅਭਿਸ਼ੇਕ ਸਿੰਘ ਨੇ ਅਬੂਜਾ ਦੇ ਨਾਮਦੀ ਅਜ਼ੀਕੀਵੇ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਪਹੁੰਚਣ 'ਤੇ, ਭਾਰਤ ਦੇ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਉੱਚ-ਪੱਧਰੀ ਵਫ਼ਦ ਦਾ ਸਵਾਗਤ ਕੀਤਾ। ਇਸ ਵਫ਼ਦ ਦੀ ਅਗਵਾਈ ਦੇ ਚੇਅਰਮੈਨ ਜਸਟਿਸ ਵੀ. ਰਾਮਸੁਬਰਾਮਨੀਅਨ ਕਰ ਰਹੇ ਸਨ।"

ਪਿਛਲੇ ਮਹੀਨੇ, ਵਿਦੇਸ਼ ਮਾਮਲਿਆਂ ਦੇ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ ਨਾਈਜੀਰੀਆ ਦੇ 66ਵੇਂ ਸੁਤੰਤਰਤਾ ਦਿਵਸ ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਭਾਰਤ ਸਰਕਾਰ ਦੀ ਨੁਮਾਇੰਦਗੀ ਕੀਤੀ ਸੀ। ਉਨ੍ਹਾਂ ਕਿਹਾ ਕਿ ਦੋਵਾਂ ਦੇਸ਼ਾਂ ਵਿਚਕਾਰ ਲੰਬੇ ਸਮੇਂ ਤੋਂ ਇਤਿਹਾਸਕ ਸਬੰਧ ਹਨ ਅਤੇ ਇੱਕ ਮਜ਼ਬੂਤ ਰਣਨੀਤਕ ਭਾਈਵਾਲੀ ਕਾਇਮ ਹੈ। ਉਨ੍ਹਾਂ ਕਿਹਾ, "ਭਾਰਤ ਅਤੇ ਨਾਈਜੀਰੀਆ ਵਿਚਕਾਰ ਲੰਬੇ ਸਮੇਂ ਤੋਂ ਇਤਿਹਾਸਕ ਸਬੰਧ ਅਤੇ ਇੱਕ ਮਜ਼ਬੂਤ ਰਣਨੀਤਕ ਭਾਈਵਾਲੀ ਹੈ। ਅਸੀਂ ਆਪਣੇ ਲੋ ਸਤੰਬਰ ਵਿੱਚ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨਵੀਂ ਦਿੱਲੀ ਵਿੱਚ 18ਵੇਂ ਬ੍ਰਿਕਸ ਸੰਮੇਲਨ ਦੌਰਾਨ ਨਾਈਜੀਰੀਆ ਦੇ ਉਪ ਰਾਸ਼ਟਰਪਤੀ ਕਾਸ਼ਿਮ ਸ਼ੈਟੀਮਾ ਨਾਲ ਮੁਲਾਕਾਤ ਕੀਤੀ। ਵਿਦੇਸ਼ ਮੰਤਰਾਲੇ ਨੇ ਕਿਹਾ, "ਗੱਲਬਾਤ ਮੁੱਖ ਖੇਤਰਾਂ 'ਤੇ ਕੇਂਦਰਿਤ ਸੀ, ਜਿਸ ਵਿੱਚ ਵਪਾਰ ਅਤੇ ਨਿਵੇਸ਼, ਰੱਖਿਆ ਅਤੇ ਸੁਰੱਖਿਆ, ਊਰਜਾ ਭਾਈਵਾਲੀ, ਖੇਤੀਬਾੜੀ, ਸਿਹਤ ਅਤੇ ਡਿਜੀਟਲ ਤਕਨਾਲੋਜੀਆਂ ਸ਼ਾਮਲ ਸਨ। ਉਨ੍ਹਾਂ ਨੇ ਭਾਰਤ-ਨਾਈਜੀਰੀਆ ਰਣਨੀਤਕ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ਲਈ ਆਪਣੀ ਵਚਨਬੱਧਤਾ ਨੂੰ ਦੁਹਰਾਇਆ।"

ਗਾਜ਼ਾ ਦੇ ਨਾਸਿਰ ਹਸਪਤਾਲ 'ਤੇ ਇਜ਼ਰਾਈਲ ਦਾ ਹਵਾਈ ਹਮਲਾ, ਸਰਜਨ ਸਮੇਤ 6 ਦੀ ਮੌਤ

ਗਾਜ਼ਾ ਪੱਟੀ
ਸਾਂਝੀ ਸੋਚ ਬਿਊਰੋ

ਗਾਜ਼ਾ ਪੱਟੀ ਵਿੱਚ ਇਜ਼ਰਾਈਲ ਦੇ ਹਵਾਈ ਹਮਲੇ ਮੁੜ ਤੇਜ਼ ਹੋ ਗਏ ਹਨ। ਵੀਰਵਾਰ ਤੜਕੇ ਦੱਖਣੀ ਗਾਜ਼ਾ ਦੇ ਖਾਨ ਯੂਨਿਸ ਸਥਿਤ ਨਾਸਿਰ ਹਸਪਤਾਲ ਦੀ ਇੱਕ ਇਮਾਰਤ ਨੂੰ ਨਿਸ਼ਾਨਾ ਬਣਾਇਆ ਗਿਆ। ਗਾਜ਼ਾ ਦੀ ਸਿਵਲ ਡਿਫੈਂਸ ਸੇਵਾ ਦੇ ਬੁਲਾਰੇ ਨੇ ਰਾਇਟਰਜ਼ ਨੂੰ ਦੱਸਿਆ ਕਿ ਇਸ ਹਮਲੇ ਵਿੱਚ ਇੱਕ ਸਰਜਨ ਸਮੇਤ ਘੱਟੋ-ਘੱਟ 6 ਲੋਕਾਂ ਦੀ ਮੌਤ ਹੋ ਗਈ, ਜਦਕਿ 20 ਹੋਰ ਜ਼ਖ਼ਮੀ ਹੋਏ ਹਨ। ਇਜ਼ਰਾਈਲੀ ਫੌਜ ਨੇ ਬਾਅਦ ਵਿੱਚ ਬਿਆਨ ਜਾਰੀ ਕਰਦਿਆਂ ਕਿਹਾ ਕਿ ਇਸ ਹਮਲੇ ਦਾ ਨਿਸ਼ਾਨਾ ਹਮਾਸ ਦਾ ਇੱਕ ਸੀਨੀਅਰ ਮੈਂਬਰ ਅਤੇ ਉਸ ਦੇ ਹਥਿਆਰਬੰਦ ਵਿੰਗ ਦੇ ਹੋਰ ਮੈਂਬਰ ਸਨ। ਫੌਜ ਮੁਤਾਬਕ ਇਹ ਲੋਕ ਖਾਨ ਯੂਨਿਸ ਦੇ ਹਸਪਤਾਲ ਦੇ ਅੰਦਰੋਂ ਆਪਣੀਆਂ ਗਤੀਵਿਧੀਆਂ ਚਲਾ ਰਹੇ ਸਨ। ਇਜ਼ਰਾਈਲੀ ਫੌਜ ਨੇ ਹਮਾਸ 'ਤੇ ਹਸਪਤਾਲ ਕੰਪਲੈਕਸ ਨੂੰ ਫੌਜੀ ਕਾਰਵਾਈਆਂ ਲਈ ਕਮਾਂਡ ਸੈਂਟਰ ਵਜੋਂ ਵਰਤਣ ਦਾ ਦੋਸ਼ ਵੀ ਲਗਾਇਆ ਹੈ। ਹਸਪਤਾਲ ਵਿੱਚ ਹਥਿਆਰ ਰੱਖੇ ਜਾਂਦੇ ਸਨ ਅਤੇ ਕਮਾਂਡ ਤੇ ਕੰਟਰੋਲ ਰੂਮ ਚਲਾਇਆ ਜਾ ਰਿਹਾ ਸੀ। ਇਸ ਤੋਂ ਇਲਾਵਾ ਹਸਪਤਾਲ ਦੀਆਂ ਸਹੂਲਤਾਂ ਦੀ ਵਰਤੋਂ ਲੜਾਕਿਆਂ ਲਈ ਨਿਗਰਾਨੀ ਚੌਕੀਆਂ ਅਤੇ ਪਨਾਹਗਾਹਾਂ ਵਜੋਂ ਕੀਤੀ ਜਾ ਰਹੀ ਸੀ।



JASPREET SINGH
ATTORNEY AT LAW USA



JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA

SACRAMENTO, CA
5855 AUBURN BLVD,
SACRAMENTO, CA 95841
+1-917-915-4142

FREMONT, CA
3155 KEARNEY ST, SUITE
#248, FREMONT, CA 94538
+1-510-657-6444

NEW YORK, NY
108-14 JAMAICA AVENUE,
RICHMOND HILL, NY 11418
+1-718-533-8444

FRESNO, CA
1625 E SHAW AVE #122,
FRESNO, CA 93711
+1-559-271-5511

NEW JERSEY, NJ
2060 OAK TREE ROAD #1,
EDISON, NEW JERSEY, 08820
+1-732-453-6699

LOS ANGELES, CA
1013 N BEGONIA AVE,
ONTARIO, CA 91762
+1-917-915-4142

CONTACT
+1-917-915-4142

Jaspreetsinghlaoffice@gmail.com

web -www.globaldrugtestinginc@gmail.com email -info@globaltruckpermits.com

ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ

GLOBAL TRUCK PERMITS

ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ

ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ

New Company Permits
IRP Plates
Trailer Plates
Truck ELD
DOT Drug Testing



DOT Drug Testing | Compliance Services | Driver Hiring

Driver Files | Safety Audit | Clearing House | Driver Management





“ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ”

ਰਾਜਿੰਦਰ ਟਾਂਡਾ

ਅੱਜ ਹੀ ਕਾਲ ਕਰੋ :
Ph : (209) 636-0880 | Ph : (209) 364-3020 | Cell :(510) 557-6988

Address: 159 Darcy Pkwy Lathrop, CA 95330

JK TYRE INC

JK TYRE
TOTAL CONTROL

KTD10-LEAO
Radial Truck Tire (Long Haul)



295/75R22.5
$2600

With Installation
Singh: 510-766-9382

JK JETSTEEL JDH

SPECIAL OFFER !!



DRIVE TIRE
11R22.5-

With Installation
Singh: 510-766-9382

Firestone FS591

SPECIAL OFFER !!

STEER TIRE
295/75R22.5



11R22.5

With Installation
Singh: 510-766-9382

Sizes available in drive & trailer

295/75/22.5
11r/22.5
11r/24.5
255/70/22.5
315/80/22.5
425/65/22.5

JETWAY JTH 1

SPECIAL OFFER !!



TRAILER TIRE
11R22.5-
11R24.5-

With Installation
Singh: 510-766-9382

JETWAY JTH SD

SPECIAL OFFER !!



TRAILER TIRE
295/75R22.5-

With Installation
Singh: 510-766-9382

JK JETSTEEL JDL2

SPECIAL OFFER !!



DRIVE TIRE
11R22.5-
11R24.5-
295/75R22.5-

With Installation
Singh: 510-766-9382



FALKEN TIRES
GOODYEAR
KELLY TIRES
BARKLEY Feel the difference
PIRELLI
MICHELIN A better way forward
BRIDGESTONE
Firestone
YOKOHAMA
PEARLY
NAMA
TOYO TIRES driven to perform
Continental
DUNLOP TIRES

S. Singh Cell: (510) 766-9382

2955 N. Wilson Way Stockton , CA 95205

ਕਾਂਗਰਸ ਈਰਾਨ ਨਾਲ ਜੰਗ 'ਤੇ ਆਪਣਾ ਅਧਿਕਾਰ ਮੁੜ ਹਾਸਲ ਕਰੇ-ਅਮੀਸ਼ ਸ਼ਾਹ

ਸੈਕਰਾਮੈਂਟੋ
ਹੁਸਨ ਲੜੋਆ ਬੰਗਾ



ਮੱਧਕਾਲੀ ਚੋਣਾਂ 'ਚ ਕਾਂਗਰਸ ਲਈ ਚੁਣੇ ਗਏ ਅਮੀਸ਼ ਸ਼ਾਹ ਨੇ ਕਾਂਗਰਸ ਨੂੰ ਈਰਾਨ ਨਾਲ ਜੰਗ 'ਤੇ ਆਪਣਾ ਅਧਿਕਾਰ ਮੁੜ ਹਾਸਲ ਕਰਨ ਲਈ ਕਿਹਾ ਹੈ। ਉਨਾਂ ਸੰਕੇਤ ਦਿੱਤਾ ਕਿ ਜਨਵਰੀ ਵਿੱਚ ਜਦੋਂ ਉਹ ਪ੍ਰਤੀਨਿਧੀ ਸਦਨ ਵਿੱਚ ਆਪਣਾ ਅਹੁਦਾ ਸੰਭਾਲਣਗੇ, ਤਾਂ ਉਹ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਦੇ ਕੰਮਕਾਜ ਦੀ ਬਾਰੀਕੀ ਨਾਲ ਜਾਂਚ ਕਰਨਗੇ। ਇੱਕ ਟੈਲੀਵਿਜ਼ਨ ਇੰਟਰਵਿਊ ਵਿੱਚ ਸ਼ਾਹ ਨੇ ਕਿਹਾ, ''ਸਾਨੂੰ ਇਸ ਮਾਮਲੇ ਵਿੱਚ ਰਾਸ਼ਟਰਪਤੀ ਤੋਂ ਅਧਿਕਾਰ ਵਾਪਸ ਲੈਣੇ ਪੈਣਗੇ, ਕਿਉਂਕਿ ਜੰਗ ਦਾ ਐਲਾਨ ਕਰਨ ਦੀ ਜ਼ਿੰਮੇਵਾਰੀ ਕਾਂਗਰਸ ਦੀ ਹੈ।'' ਡੈਮੋਕ੍ਰੇਟਿਕ ਪਾਰਟੀ ਨਾਲ ਸਬੰਧਤ ਸ਼ਾਹ, ਜੋ ਕਿ ਪੇਸ਼ੇ ਵਜੋਂ ਡਾਕਟਰ ਹਨ ਅਤੇ ਪਹਿਲਾਂ ਐਰੀਜ਼ੋਨਾ ਰਾਜ ਵਿਧਾਨ ਸਭਾ ਦੇ ਮੈਂਬਰ ਰਹਿ ਚੁੱਕੇ ਹਨ, ਨੇ ਐਰੀਜ਼ੋਨਾ ਦੇ ਪਹਿਲੇ ਕਾਂਗਰੇਸ਼ਨਲ ਜ਼ਿਲੇ ਵਿੱਚ ਰਿਪਬਲਿਕਨ ਉਮੀਦਵਾਰ ਜੇ ਫੀਲੀ ਨੂੰ ਹਰਾਇਆ। ਉਹ ਰਿਪਬਲਿਕਨ ਡੇਵਿਡ ਸ਼ਵੇਕਰਟ ਦੀ ਥਾਂ ਲੈਣਗੇ, ਜਿਨਾਂ ਨੇ ਐਰੀਜ਼ੋਨਾ ਦੇ ਗਵਰਨਰ ਦੀ ਚੋਣ ਲੜਨ ਲਈ ਸਕਾਟਸਡੇਲ ਖੇਤਰ ਦੀ ਇਹ ਸੀਟ ਛੱਡ ਦਿੱਤੀ ਸੀ। ਸ਼ਾਹ ਨੇ ਕਿਹਾ ਕਿ ਉਹ ਚਾਹੁੰਦੇ ਹਨ ਕਿ ਰੱਖਿਆ ਵਿਭਾਗ ਦੇ ਅਧਿਕਾਰੀ ਜੰਗ ਨੂੰ ਖਤਮ ਕਰਨ ਲਈ ਇੱਕ ਵਿਆਪਕ ਯੋਜਨਾ ਅਤੇ ਵਿਕਲਪ ਪੇਸ਼ ਕਰਨ। ਫੌਜ ਦੇ ਪ੍ਰਦਰਸ਼ਨ ਦੀ ਸ਼ਲਾਘਾ ਕਰਦੇ ਹੋਏ, ਉਨਾਂ ਨੇ ਇਸ ਟਕਰਾਅ ਨੂੰ ਸੰਭਾਲਣ ਦੇ ਟਰੰਪ ਪ੍ਰਸ਼ਾਸਨ ਦੇ ਤਰੀਕੇ ਦੀ ਆਲੋਚਨਾ ਕੀਤੀ। ਉਨਾਂ ਮੰਨਿਆ ਕਿ ਜੰਗ ਨੂੰ ਖਤਮ ਕਰਨਾ ਮੁਸ਼ਕਲ ਹੋਵੇਗਾ ਪਰ ਕਿਹਾ ਕਿ 'ਹੋਰਮੁਜ਼ ਜਲਡਮਰੂ' ਲਾਂਘੇ ਨੂੰ ਦੁਬਾਰਾ ਖੋਲਣ ਨਾਲ ਪੈਟਰੋਲ ਦੀਆਂ ਕੀਮਤਾਂ ਘਟਾਉਣ ਵਿੱਚ ਮਦਦ ਮਿਲੇਗੀ। ਸ਼ਾਹ ਨੇ ਕਿਹਾ ਕਿ ਕਾਨੂੰਨਸਾਜ਼ਾਂ ਨੂੰ ਘਰੇਲੂ ਖਰਚਿਆਂ 'ਤੇ ਧਿਆਨ ਦੇਣ ਦੀ ਲੋੜ ਹੈ ਅਤੇ ਟਰੰਪ ਪ੍ਰਸ਼ਾਸਨ ਦੀਆਂ ਉਨਾਂ ਨੀਤੀਆਂ ਦੀ ਸਮੀਖਿਆ ਕਰਨੀ ਚਾਹੀਦੀ ਹੈ ਜਿਨਾਂ ਨੇ ਆਰਥਿਕ ਮੁਸ਼ਕਲਾਂ ਨੂੰ ਹੋਰ ਵਧਾ ਦਿੱਤਾ ਹੈ। ਉਨਾਂ ਨੇ ਆਪਣੀਆਂ ਤਰਜੀਹਾਂ 'ਚ ਦੋਵਾਂ ਪਾਰਟੀਆਂ ਡੈਮੋਕ੍ਰੇਟਿਕ ਅਤੇ ਰਿਪਬਲਿਕਨ ਵਿਚਕਾਰ ਸਹਿਯੋਗ ਉਪਰ ਜੋਰ ਦਿੱਤਾ।

10 ਲੱਖ ਰੁਪਏ ਦੀ ਸ਼ਰਾਬ ਜ਼ਬਤ ਤਿੰਨ ਤਸਕਰ ਗ੍ਰਿਫ਼ਤਾਰ

ਗੋਪਾਲਗੰਜ
ਸਾਂਝੀ ਸੋਚ ਬਿਊਰੋ

ਅਧਿਕਾਰੀਆਂ ਨੇ ਵੀਰਵਾਰ ਨੂੰ ਦੱਸਿਆ ਕਿ ਛਠ ਪੂਜਾ ਦੇ ਤਿਉਹਾਰ ਤੋਂ ਪਹਿਲਾਂ, ਬਿਹਾਰ ਦੇ ਗੋਪਾਲਗੰਜ ਜ਼ਿਲ੍ਹੇ ਵਿੱਚ ਆਬਕਾਰੀ ਪੁਲਿਸ ਨੇ ਵੱਖ-ਵੱਖ ਕਾਰਵਾਈਆਂ ਦੌਰਾਨ ਦੋ ਕਾਰਾਂ ਵਿੱਚੋਂ ਲਗਭਗ 415 ਲੀਟਰ ਵਿਦੇਸ਼ੀ ਸ਼ਰਾਬ ਜ਼ਬਤ ਕੀਤੀ ਹੈ ਅਤੇ ਤਿੰਨ ਕਥਿਤ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਜ਼ਬਤ ਕੀਤੀ ਗਈ ਸ਼ਰਾਬ ਦੀ ਕੀਮਤ ਲਗਭਗ 10 ਲੱਖ ਰੁਪਏ ਦੱਸੀ ਜਾ ਰਹੀ ਹੈ। ਤਿਉਹਾਰ ਦੌਰਾਨ ਸ਼ਰਾਬ ਦੀ ਤਸਕਰੀ ਨੂੰ ਰੋਕਣ ਲਈ ਵਿਭਾਗ ਨੇ ਪੂਰੇ ਜ਼ਿਲ੍ਹੇ ਵਿੱਚ ਵਾਹਨਾਂ ਦੀ ਚੈਕਿੰਗ ਮੁਹਿੰਮ ਤੇਜ਼ ਕਰ ਦਿੱਤੀ ਹੈ। ਗੈਰ-ਕਾਨੂੰਨੀ ਢੰਗ ਨਾਲ ਲਿਜਾਈ ਜਾ ਰਹੀ ਸ਼ਰਾਬ ਦੀ ਇੱਕ ਵੱਡੀ ਖੇਪ ਬਾਰੇ ਮਿਲੀ ਸੂਚਨਾ ਦੇ ਆਧਾਰ 'ਤੇ, ਆਬਕਾਰੀ ਵਿਭਾਗ ਦੀਆਂ ਟੀਮਾਂ ਨੇ ਕਈ ਥਾਵਾਂ 'ਤੇ ਤਲਾਸ਼ੀ ਮੁਹਿੰਮ ਚਲਾਈ। ਮਾਂਝਾ ਥਾਣਾ ਖੇਤਰ ਵਿੱਚ ਅਜਿਹੀ ਹੀ ਇੱਕ ਕਾਰਵਾਈ ਦੌਰਾਨ, ਅਧਿਕਾਰੀਆਂ ਨੇ ਇੱਕ ਕਾਰ ਵਿੱਚੋਂ ਲਗਭਗ 341 ਲੀਟਰ ਵਿਦੇਸ਼ੀ ਸ਼ਰਾਬ ਬਰਾਮਦ ਕੀਤੀ ਅਤੇ ਦੋ ਕਥਿਤ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ। ਇੱਕ ਹੋਰ ਕਾਰਵਾਈ ਵਿੱਚ, ਬਰੌਲੀ ਥਾਣਾ ਖੇਤਰ ਅਧੀਨ ਪ੍ਰੇਮਨਗਰ-ਬਦਰੀਆ ਰੋਡ 'ਤੇ, ਟੀਮ ਨੇ ਇੱਕ ਕਾਰ ਦੀ ਸੀਟ ਦੇ ਅੰਦਰ ਵਿਸ਼ੇਸ਼ ਤੌਰ 'ਤੇ ਬਣਾਏ ਗਏ ਖਾਨੇ ਵਿੱਚ ਲੁਕਾ ਕੇ ਰੱਖੀ ਗਈ ਲਗਭਗ 73 ਲੀਟਰ ਸ਼ਰਾਬ ਬਰਾਮਦ ਕੀਤੀ। ਇਸ ਮਾਮਲੇ ਦੇ ਸਬੰਧ ਵਿੱਚ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਕੁੱਲ ਮਿਲਾ ਕੇ, ਇਨ੍ਹਾਂ ਕਾਰਵਾਈਆਂ ਦੌਰਾਨ ਦੋ ਕਾਰਾਂ ਜ਼ਬਤ ਕੀਤੀਆਂ ਗਈਆਂ ਅਤੇ ਤਿੰਨ ਕਥਿਤ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ।

ਆਬਕਾਰੀ ਸੁਪਰਡੈਂਟ ਅੰਮ੍ਰਿਤੇਸ਼ ਕੁਮਾਰ ਝਾ ਨੇ ਕਿਹਾ ਕਿ ਛਠ ਪੂਜਾ ਤੋਂ ਪਹਿਲਾਂ ਸ਼ਰਾਬ ਦੀ ਗੈਰ-ਕਾਨੂੰਨੀ ਢੋਆ-ਢੁਆਈ ਨੂੰ ਰੋਕਣ ਲਈ ਵਿਭਾਗ ਲਗਾਤਾਰ ਛਾਪੇਮਾਰੀ ਕਰ ਰਿਹਾ ਹੈ ਅਤੇ ਵਾਹਨਾਂ ਦੀ ਜਾਂਚ ਕਰ ਰਿਹਾ ਹੈ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ, ਜਦਕਿ ਅਧਿਕਾਰੀ ਤਸਕਰੀ ਨੈੱਟਵਰਕ ਦੇ ਪਿਛਲੇ ਅਤੇ ਅਗਲੇ ਸਬੰਧਾਂ ਦੀ ਜਾਂਚ ਕਰ ਰਹੇ ਹਨ ਤਾਂ ਜੋ ਇਸਦੇ ਸਪਲਾਇਰਾਂ (ਸਪਲਾਈ ਕਰਨ ਵਾਲਿਆਂ) ਅਤੇ ਪ੍ਰਾਪਤਕਰਤਾਵਾਂ ਦੀ ਪਛਾਣ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਅਗਲੇਰੀ ਕਾਰਵਾਈ ਜਾਰੀ ਹੈ। ਇਸ ਦੌਰਾਨ, ਪਟਨਾ ਜ਼ਿਲ੍ਹੇ ਵਿੱਚ ਇੱਕ ਵੱਖਰੀ ਕਾਰਵਾਈ ਕਰਦਿਆਂ, ਪੁਲਿਸ ਨੇ ਫਤੂਹਾ ਸਥਿਤ ਇੱਕ ਗੋਦਾਮ ਤੋਂ ਲਗਭਗ 50 ਲੱਖ ਰੁਪਏ ਮੁੱਲ ਦੀ ਵਿਦੇਸ਼ੀ ਸ਼ਰਾਬ ਜ਼ਬਤ ਕੀਤੀ ਅਤੇ ਰਾਜਸਥਾਨ ਦੇ ਚਾਰ ਕਥਿਤ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ। ਇਹ ਬਰਾਮਦਗੀ ਬੁੱਧਵਾਰ ਤੜਕੇ ਕਰੀਬ 2 ਵਜੇ ਫਤੂਹਾ ਥਾਣਾ ਖੇਤਰ ਅਧੀਨ ਆਉਂਦੇ ਮੁਕਤਾਕਾਪੁਰ ਪਿੰਡ ਵਿੱਚ ਇੱਕ ਭਾਰਤ ਪੈਟਰੋਲੀਅਮ ਪੰਪ ਨੇੜੇ ਕੀਤੀ ਗਈ। ਇਸ ਥਾਂ 'ਤੇ ਵੱਡੀ ਮਾਤਰਾ ਵਿੱਚ ਸ਼ਰਾਬ ਰੱਖੇ ਜਾਣ ਦੀ ਗੁਪਤ ਸੂਚਨਾ ਮਿਲਣ 'ਤੇ, ਇੰਸਪੈਕਟਰ ਅਜੀਤ ਕੁਮਾਰ ਦੀ ਅਗਵਾਈ ਵਾਲੀ ਇੱਕ ਵਿਸ਼ੇਸ਼ ਪੁਲਿਸ ਟੀਮ ਨੇ ਛਾਪਾ ਮਾਰਿਆ ਅਤੇ 435 ਡੱਬੇ ਬਰਾਮਦ ਕੀਤੇ, ਜਿਨ੍ਹਾਂ ਵਿੱਚ 3,830.760 ਲੀਟਰ ਵਿਦੇਸ਼ੀ ਸ਼ਰਾਬ ਸੀ। ਬੋਤਲਾਂ ਦੀ ਜਾਂਚ ਕਰਨ 'ਤੇ ਪਤਾ ਲੱਗਾ ਕਿ ਉਨ੍ਹਾਂ 'ਤੇ ਲੱਗੇ ਲੇਬਲਾਂ ਤੋਂ ਸੰਕੇਤ ਮਿਲਦਾ ਹੈ ਕਿ ਇਹ ਸ਼ਰਾਬ ਚੰਡੀਗੜ੍ਹ, ਪੰਜਾਬ ਅਤੇ ਹਰਿਆਣਾ ਵਿੱਚ ਵੇਚਣ ਲਈ ਸੀ।

2 ਭਾਰਤੀ ਬੱਚਿਆਂ ਸਮੇਤ 4 ਮੌਤਾਂ ਦੇ ਮਾਮਲੇ 'ਚ ਤਸਕਰਾਂ ਨੂੰ ਕੈਦ

ਸੈਕਰਾਮੈਂਟੋ
ਹੁਸਨ ਲੜੋਆ ਬੰਗਾ

ਮੈਕਸੀਕੋ ਦੇ ਦੋ ਕਿਸ਼ਤੀ ਚਾਲਕਾਂ ਨੂੰ ਸਮੁੰਦਰੀ ਰਸਤੇ ਰਾਹੀਂ ਕੀਤੀ ਗਈ ਤਸਕਰੀ ਦੌਰਾਨ 4 ਲੋਕਾਂ ਦੀ ਮੌਤ ਦੇ ਮਾਮਲੇ ਵਿੱਚ 70-70 ਮਹੀਨਿਆਂ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਮਈ 2025 ਵਿੱਚ ਕੈਲੀਫੋਰਨੀਆ ਦੇ ਤੱਟ ਨੇੜੇ ਇੱਕ ਕਿਸ਼ਤੀ ਜਿਸ ਵਿੱਚ ਸਮਰੱਥਾ ਤੋਂ ਵੱਧ ਲੋਕ ਸਵਾਰ ਸਨ, ਪਲਟ ਗਈ ਸੀ। ਇਸ ਹਾਦਸੇ ਵਿੱਚ 2 ਭਾਰਤੀ ਬੱਚਿਆਂ ਸਮੇਤ 4 ਲੋਕਾਂ ਦੀ ਜਾਨ ਚਲੀ ਗਈ ਸੀ। 28 ਸਾਲਾ ਜੀਸਸ ਇਵਾਨ ਰੋਡਰਿਗਜ਼ ਲੇਵਾ ਅਤੇ 32 ਸਾਲਾ ਜੂਲੀਓ ਸੀਜ਼ਰ ਜ਼ੁਨੀਗਾ ਲੂਨਾ ਨੂੰ ਫੈਡਰਲ ਅਦਾਲਤ ਨੇ ਸਜ਼ਾ ਸੁਣਾਈ ਹੈ। ਮਰਨ ਵਾਲੇ ਭਾਰਤੀ ਬੱਚਿਆਂ ਦੀ ਉਮਰ 14 ਤੇ 10 ਸਾਲ ਸੀ। ਦੱਖਣੀ ਕੈਲੀਫੋਰਨੀਆ ਲਈ ਅਮਰੀਕੀ ਅਟਾਰਨੀ ਦਫ਼ਤਰ ਅਨੁਸਾਰ, ਬਾਕੀ ਦੋ ਮ੍ਰਿਤਕ ਮੈਕਸੀਕੋ ਦੇ ਬਾਲਗ ਸਨ। ਕਿਸ਼ਤੀ ਚਾਲਕਾਂ ਨੇ ਮੰਨਿਆ ਕਿ ਕਿਸ਼ਤੀ ਵਿੱਚ ਸੁਰੱਖਿਅਤ ਸੀਮਾ ਤੋਂ ਵੱਧ ਯਾਤਰੀ ਸਵਾਰ ਸਨ ਅਤੇ ਇਸ ਵਿੱਚ ਰੋਸ਼ਨੀ ਦਾ ਪ੍ਰਬੰਧ ਵੀ ਨਹੀਂ ਸੀ।

ਅੱਜ ਤੋਂ ਸ਼ੁਰੂ ਹੋਇਆ ਚਾਰ ਰੋਜ਼ਾ ਛੱਠ ਪੂਜਾ ਦਾ ਤਿਉਹਾਰ ਘਰਾਂ ਤੋਂ ਲੈ ਕੇ ਬਾਜ਼ਾਰਾਂ ਤੇ ਛੱਠ ਘਾਟਾਂ ਤੱਕ ਤਿਆਰੀਆਂ

ਲਖਨਊ
ਸਾਂਝੀ ਸੋਚ ਬਿਊਰੋ

ਛਠ ਮਹਾਪਰਵ ਦੀ ਸ਼ੁਰੂਆਤ ਅੱਜ, 13 ਨਵੰਬਰ ਦਿਨ ਸ਼ੁੱਕਰਵਾਰ ਨੂੰ ਨਾਹਏ-ਖਾਏ ਦੀ ਰਸਮ ਨਾਲ ਹੋ ਗਈ ਹੈ। ਚਾਰ ਦਿਨਾਂ ਤੱਕ ਚੱਲਣ ਵਾਲੇ ਇਸ ਪਵਿੱਤਰ ਤਿਉਹਾਰ ਵਿੱਚ ਸੂਰਜ ਦੇਵਤਾ ਅਤੇ ਛਠੀ ਮਈਆ ਦੀ ਵਿਸ਼ੇਸ਼ ਪੂਜਾ ਕੀਤੀ ਜਾਂਦੀ ਹੈ। ਇਸ ਦੌਰਾਨ ਵਰਤ ਰੱਖਣ ਵਾਲੇ ਸ਼ਰਧਾਲੂ ਪਰਿਵਾਰ ਦੀ ਸੁੱਖ-ਸਮਰਿੱਧੀ, ਸੰਤਾਨ ਦੀ ਲੰਮੀ ਉਮਰ, ਚੰਗੀ ਸਿਹਤ ਅਤੇ ਖੁਸ਼ਹਾਲੀ ਦੀ ਕਾਮਨਾ ਕਰਦੇ ਹਨ। ਛਠ ਵਰਤ ਨੂੰ ਸਭ ਤੋਂ ਔਖੇ ਵਰਤਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਇਸ ਦੀ ਖ਼ਾਸ ਪਰੰਪਰਾ ਡੁੱਬਦੇ ਅਤੇ ਚੜ੍ਹਦੇ ਸੂਰਜ ਨੂੰ ਅਰਘ ਦੇਣਾ ਅਤੇ ਲਗਾਤਾਰ ਕਰੀਬ 36 ਘੰਟੇ ਬਿਨਾਂ ਪਾਣੀ ਪੀਤੇ ਵਰਤ ਰੱਖਣਾ ਹੈ। ਇਸ ਦੌਰਾਨ ਪਵਿੱਤਰਤਾ, ਸੰਜਮ ਅਤੇ ਅਨੁਸ਼ਾਸਨ ਦਾ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਹੈ। 13 ਨਵੰਬਰ - ਨਾਹਏ-ਖਾਏ: ਪਹਿਲੇ ਦਿਨ ਵਰਤ ਰੱਖਣ ਵਾਲੇ ਸ਼ਰਧਾਲੂ ਇਸ਼ਨਾਨ ਕਰਕੇ ਸਾਫ਼-ਸੁਥਰੇ ਅਤੇ ਸਾਤਵਿਕ ਭੋਜਨ ਨਾਲ ਵਰਤ ਦੀ ਸ਼ੁਰੂਆਤ ਕਰਦੇ ਹਨ। 14 ਨਵੰਬਰ - ਖਰਨਾ: ਦੂਜੇ ਦਿਨ ਵਰਤੀ ਸਾਰਾ ਦਿਨ ਵਰਤ ਰੱਖਦੇ ਹਨ। ਸ਼ਾਮ ਨੂੰ ਸੂਰਜ ਡੁੱਬਣ ਤੋਂ ਬਾਅਦ ਮਿੱਟੀ ਦੇ ਚੁੱਲ੍ਹੇ 'ਤੇ ਅੰਬ ਦੀ ਲੱਕੜ ਨਾਲ ਗਾਂ ਦੇ ਦੁੱਧ ਅਤੇ ਗੁੜ ਦੀ ਖੀਰ ਤਿਆਰ ਕੀਤੀ ਜਾਂਦੀ ਹੈ। ਪੂਜਾ ਤੋਂ ਬਾਅਦ ਪ੍ਰਸ਼ਾਦ ਗ੍ਰਹਿਣ ਕੀਤਾ ਜਾਂਦਾ ਹੈ ਅਤੇ ਇਸੇ ਨਾਲ ਕਰੀਬ 36 ਘੰਟਿਆਂ ਦਾ ਨਿਰਜਲਾ ਵਰਤ ਸ਼ੁਰੂ ਹੋ ਜਾਂਦਾ ਹੈ। 15 ਨਵੰਬਰ- ਸੰਧਿਆ ਅਰਘ: ਤੀਜੇ ਦਿਨ ਬਾਂਸ ਦੀਆਂ ਟੋਕਰੀਆਂ ਅਤੇ ਛੱਜਾਂ ਵਿੱਚ ਫਲ ਤੇ ਪੂਜਾ ਸਮੱਗਰੀ ਸਜਾਈ ਜਾਂਦੀ ਹੈ। ਸ਼ਾਮ ਨੂੰ ਵਰਤੀ ਪਰਿਵਾਰ ਸਮੇਤ ਨਦੀ, ਛੱਪੜ ਜਾਂ ਹੋਰ ਜਲ ਸਰੋਤਾਂ ਦੇ ਕੰਢੇ ਪਹੁੰਚਦੇ ਹਨ ਅਤੇ ਪਾਣੀ ਵਿੱਚ ਖੜ੍ਹੇ ਹੋ ਕੇ ਡੁੱਬਦੇ ਸੂਰਜ ਨੂੰ ਅਰਘ ਦਿੰਦੇ ਹਨ। ਪੰਚਾਂਗ ਅਨੁਸਾਰ ਇਸ ਦਿਨ ਸੰਧਿਆ ਅਰਘ ਦਾ ਸਮਾਂ ਸ਼ਾਮ 5 ਵੱਜ ਕੇ 24 ਮਿੰਟ ਹੈ। 16 ਨਵੰਬਰ - ਉਸ਼ਾ ਅਰਘ: ਆਖ਼ਰੀ ਦਿਨ ਸਵੇਰੇ ਚੜ੍ਹਦੇ ਸੂਰਜ ਨੂੰ ਅਰਘ ਦਿੱਤਾ ਜਾਵੇਗਾ। ਇਸ ਤੋਂ ਬਾਅਦ ਛਠੀ ਮਈਆ ਦੀ ਪੂਜਾ ਕਰਕੇ ਵਰਤ ਦਾ ਪਾਰਣ ਕੀਤਾ ਜਾਵੇਗਾ। ਪੰਚਾਂਗ ਮੁਤਾਬਕ ਇਸ ਦਿਨ ਸੂਰਜ ਚੜ੍ਹਨ ਦਾ ਸਮਾਂ ਸਵੇਰੇ 6 ਵੱਜ ਕੇ 43 ਮਿੰਟ ਹੈ। ਛਠ ਮਹਾਪਰਵ ਦੀ ਸਮਾਪਤੀ 16 ਨਵੰਬਰ ਨੂੰ ਉਸ਼ਾ ਅਰਘ ਅਤੇ ਵਰਤ ਦੇ ਪਾਰਣ ਨਾਲ ਹੋਵੇਗੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਬੀਤੇ ਦਿਨ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਨੂੰ ਆਉਣ ਵਾਲੇ ਪਵਿੱਤਰ ਤਿਉਹਾਰ ਛੱਠ ਪੂਜਾ ਲਈ ਸੂਬੇ ਭਰ ਵਿੱਚ ਸ਼ਨਾਖਤ ਕੀਤੇ ਗਏ ਸਾਰੇ 104 ਸਥਾਨਾਂ 'ਤੇ ਵਿਆਪਕ ਅਤੇ ਪੁਖ਼ਤਾ ਪ੍ਰਬੰਧ ਕਰਨ ਦੇ ਆਦੇਸ਼ ਦਿੱਤੇ ਹਨ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਹਰ ਸ਼ਰਧਾਲੂ ਦੀ ਸੁਰੱਖਿਆ ਅਤੇ ਸਹੂਲਤ ਸਰਕਾਰ ਦੀ ਸਭ ਤੋਂ ਪਹਿਲੀ ਪ੍ਰਮੁੱਖਤਾ ਰਹੇਗੀ। ਉੱਚ-ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਸਾਰੇ ਵਿਭਾਗਾਂ ਨੂੰ ਤਿਆਰੀਆਂ ਸਮੇਂ ਸਿਰ ਮੁਕੰਮਲ ਕਰਨ।





Where Compassion Meets True
LUXURY

Discover an exclusive living experience designed for seniors living with dementia, schizophrenia, bipolar disorder, and complex mental health needs where clinical excellence meets comfort, dignity, and elegance

Refundable deposit of $500,000 with 8% annual interest

Exclusive Long-Term Luxury Living Opportunity

With only **25 exclusive units** available, we offer limited availability for discerning residents seeking long term luxury care through compassionate support and refined living.

Luxury Living with Expert Care
- 24/7 Highly Trained Care Staff
- On-site Senior Psychologist
- Licensed Registered Nurse (RN)
- Regular visits by a psychiatrist and physician

Healing Garden Therapy
Serene outdoor garden designed for relaxation, featuring walking paths, sitting areas, and peaceful natural surrounding that support emotional well-being

Full-Service Lifestyle Assistance
- We schedule all doctor appointments,
- Staff escort residents to medical appointments,
- Transportation for church, shopping and outings.

Music Therapy
Guided therapeutic sessions using soothing music, drumming, and movement to reduce stress, enhance mood, lift spirits, and increase cognitive well-being

Daily Cost Ranges from $250 to $500 Per Day


depending on the level of care required.

St. Michael Assisted Living
Dinuba, CA

Location: Dinuba, CA

Contact: (925) 285-9881 (559) 915-9045

Website: www.stmichaelrcfe.com



DR. HARMESH KUMAR
PRESIDENT, CEO & PSYCHOLOGIST

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ!

ਗੁਰੂ ਰੂਪ ਸਾਧ ਸੰਗਤ ਜੀਓ,

ਸੈਨ ਹੋਜ਼ੇ ਗੁਰਦੁਆਰਾ ਸਾਹਿਬ ਵਿਖੇ **ਨਵੰਬਰ ਮਹੀਨੇ** ਦੌਰਾਨ ਵੱਖ-ਵੱਖ ਧਾਰਮਿਕ ਸਮਾਗਮ, ਗੁਰਪੁਰਬ ਅਤੇ ਵਿਸ਼ੇਸ਼ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ।

1 ਨਵੰਬਰ 2026
ਐਤਵਾਰ

1984 ਦੇ ਦਿੱਲੀ ਕਤਲੇਆਮ ਦੇ ਸ਼ਹੀਦਾਂ ਦੀ ਯਾਦ ਵਿੱਚ ਵਿਸ਼ੇਸ਼ ਸ਼ਹੀਦੀ ਸਮਾਗਮ

1984 ਦੇ ਦਿੱਲੀ ਕਤਲੇਆਮ ਦੇ ਸ਼ਹੀਦਾਂ ਦੀ ਯਾਦ ਵਿੱਚ ਵਿਸ਼ੇਸ਼ ਸ਼ਹੀਦੀ ਸਮਾਗਮ ਕਰਵਾਇਆ ਜਾਵੇਗਾ। ਆਓ, ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਦਿਆਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰੀਏ।



3 ਨਵੰਬਰ 2026
ਮੰਗਲਵਾਰ

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਗੁਰਗੱਦੀ ਦਿਵਸ ਮੌਕੇ ਵਿਸ਼ੇਸ਼ ਸਮਾਗਮ

ਇਸ ਮੌਕੇ ਸਵੇਰ ਤੇ ਸ਼ਾਮ ਦੇ ਦੀਵਾਨ ਸਮੇਂ ਕੀਰਤਨ, ਗੁਰਮਤਿ ਵਿਚਾਰ, ਕਥਾ ਅਤੇ ਇਤਿਹਾਸ ਨਾਲ ਸੰਗਤ ਨੂੰ ਜੋੜਿਆ ਜਾਵੇਗਾ।



8 ਨਵੰਬਰ 2026
ਐਤਵਾਰ

ਬੰਦੀ ਛੋੜ ਦਿਵਸ ਅਤੇ ਦੀਵਾਲੀ ਦਾ ਪਾਵਨ ਦਿਹਾੜਾ

ਇਸ ਮੌਕੇ ਕੀਰਤਨ ਅਤੇ ਕਥਾ ਦਾ ਵਿਸ਼ੇਸ਼ ਪ੍ਰੋਗਰਾਮ ਹੋਵੇਗਾ।
ਸਮਾਂ: ਸਵੇਰੇ 4:30 ਵਜੇ ਤੋਂ ਰਾਤ 9:30 ਵਜੇ ਤੱਕ।



15 ਨਵੰਬਰ 2026
ਐਤਵਾਰ

ਬਾਬਾ ਦੀਪ ਸਿੰਘ ਜੀ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਵਿਸ਼ੇਸ਼ ਸਮਾਗਮ

ਕੀਰਤਨ, ਕਥਾ ਅਤੇ ਗੁਰਮਤਿ ਵਿਚਾਰਾਂ ਰਾਹੀਂ ਬਾਬਾ ਦੀਪ ਸਿੰਘ ਜੀ ਦੀ ਮਹਾਨ ਸ਼ਹਾਦਤ ਅਤੇ ਸਿੱਖ ਪੰਥ ਲਈ ਉਨ੍ਹਾਂ ਦੇ ਯੋਗਦਾਨ ਨੂੰ ਯਾਦ ਕੀਤਾ ਜਾਵੇਗਾ।
ਸਮਾਂ: ਸਵੇਰੇ 4 ਵਜੇ ਤੋਂ 10 ਵਜੇ ਤੱਕ ਅਤੇ ਸ਼ਾਮ 4:45 ਵਜੇ ਤੋਂ 8:30 ਵਜੇ ਤੱਕ।



15 ਨਵੰਬਰ 2026
(ਵਿਸ਼ੇਸ਼ ਪ੍ਰੋਗਰਾਮ)
ਐਤਵਾਰ

ਵਿਸ਼ੇਸ਼ ਸਿੱਖ ਇਤਿਹਾਸ ਵਰਚੁਅਲ ਰਿਐਲਿਟੀ ਸ਼ੋਅ

ਇਸੇ ਦਿਨ, ਸੰਗਤ ਲਈ ਇੱਕ ਵਿਸ਼ੇਸ਼ ਸਿੱਖ ਇਤਿਹਾਸ ਵਰਚੁਅਲ ਰਿਐਲਿਟੀ ਸ਼ੋਅ ਵੀ ਕਰਵਾਇਆ ਜਾ ਰਿਹਾ ਹੈ। ਇਸ ਰਾਹੀਂ ਸੰਗਤ ਨੂੰ ਸਿੱਖ ਇਤਿਹਾਸ ਦਾ ਅਨੋਖਾ ਅਨੁਭਵ ਪ੍ਰਾਪਤ ਹੋਵੇਗਾ।
ਸਮਾਂ: ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ। ਸਥਾਨ: ਲੰਗਰ ਹਾਲ।



15 ਨਵੰਬਰ ਤੋਂ
24 ਨਵੰਬਰ 2026

ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਨੂੰ ਸਮਰਪਿਤ ਪ੍ਰਭਾਤ ਫੇਰੀਆਂ

ਇਹ ਪ੍ਰਭਾਤ ਫੇਰੀਆਂ ਹਰ ਰੋਜ਼ ਸਵੇਰੇ 4:30 ਵਜੇ ਤੋਂ 5:30 ਤੱਕ ਕੱਢੀਆਂ ਜਾਣਗੀਆਂ। ਸੰਗਤਾਂ ਨੂੰ ਇਨ੍ਹਾਂ ਪ੍ਰਭਾਤ ਫੇਰੀਆਂ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਜਾਂਦਾ ਹੈ।



20 ਨਵੰਬਰ 2026
ਸ਼ੁੱਕਰਵਾਰ

ਭਗਤ ਨਾਮਦੇਵ ਜੀ ਦਾ ਜਨਮ ਦਿਹਾੜਾ

ਭਗਤ ਨਾਮਦੇਵ ਜੀ ਦਾ ਜਨਮ ਦਿਹਾੜਾ ਵੀ ਬੜੀ ਧੂਮ ਧਾਮ ਨਾਲ ਮਨਾਇਆ ਜਾਵੇਗਾ।



21 ਨਵੰਬਰ 2026
ਸ਼ਨੀਵਾਰ

ਭਾਈਚਾਰਕ ਏਕਤਾ ਦੇ ਸੰਦੇਸ਼ ਨਾਲ 5K Walk/Run for Humanity

ਦਾਂ ਇੱਕ ਖਾਸ ਪ੍ਰੋਗਰਾਮ ਕਰਵਾਈ ਜਾ ਰਿਹਾਂ ਹੈ।



24 ਨਵੰਬਰ 2026
ਮੰਗਲਵਾਰ

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਾਵਨ ਪ੍ਰਕਾਸ਼ ਪੁਰਬ

ਇਸ ਮੌਕੇ ਸਵੇਰੇ 4:30 ਵਜੇ ਤੋਂ 7:45 ਵਜੇ ਤੱਕ ਕੀਰਤਨ, ਕਥਾ ਅਤੇ ਚਾਡੀ ਵਾਰਾਂ ਦਾ ਵਿਸ਼ੇਸ਼ ਪ੍ਰੋਗਰਾਮ ਹੋਵੇਗਾ।



ਹਰ ਸੋਮਵਾਰ,
ਮੰਗਲਵਾਰ ਅਤੇ ਵੀਰਵਾਰ

ਗੁਰਦੁਆਰਾ ਸਾਹਿਬ ਦੇ ਸੀਨੀਅਰ ਸਿਟੀਜ਼ਨ ਸੈਂਟਰ ਵੱਲੋਂ ਬਜ਼ੁਰਗਾਂ ਲਈ **WEEKLY GET TOGETHER** ਦਾ ਵੀ ਪ੍ਰਬੰਧ ਕੀਤਾ ਗਿਆ ਹੈ।
ਸਮਾਂ: ਸਵੇਰੇ 11 ਵਜੇ ਤੋਂ ਦੁਪਹਿਰ 2 ਵਜੇ ਤੱਕ।



ਸੋ ਸਾਧ ਸੰਗਤ ਜੀਓ, ਨਵੰਬਰ ਮਹੀਨੇ ਦੌਰਾਨ ਹੋਣ ਵਾਲੇ ਇਨ੍ਹਾਂ ਸਾਰੇ ਧਾਰਮਿਕ ਅਤੇ ਸਮਾਜਿਕ ਸਮਾਗਮਾਂ ਵਿੱਚ ਆਪਣੇ ਪੁਰਿਵਾਰਾਂ ਸਮੇਤ ਪਹੁੰਚੋ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ
ਤੁਸੀਂ ਸੰਪਰਕ ਕਰੋ:
408-274-9373

ਸਥਾਨ:
3636 Gurdwara Avenue,
San Jose, California 95148

ਆਓ, ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨਾਲ ਜੁੜੀਏ,
ਆਪਣੇ ਬੱਚਿਆਂ ਨੂੰ ਸਿੱਖ ਇਤਿਹਾਸ ਨਾਲ ਜੋੜੀਏ
ਅਤੇ ਗੁਰੂ ਘਰ ਦੀਆਂ ਖੁਸ਼ੀਆਂ ਸਾਂਝੀਆਂ ਕਰੀਏ।

WE HAVE THE CHEAPEST FARES TO INDIA

LEGEND TRAVEL



JATINDER SINGH

arc accredited agency

CST # 207524-40

Special Fares To India
From
West-coast (us) On
Air India Direct Flights



LOWEST AIRFARES FROM USA TO INDIA

★Travel Insurance ★ Great last Minute Deals ★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US

(510) 797-9010

USA OFFICE: 2450 PERALTA BLVD., STE 106-108,
FREMONT CA 94536 PH.: 510-797-9010

Website: www.legendamerica.net

Emirates · Cathay Pacific · Asiana Airlines · Jet Airways · China Airlines · British Airways · Singapore Airlines · Lufthansa · ANA

ਮਾਨ ਸਰਕਾਰ ਵਿੱਚ ਆਲਮੀ ਕੰਪਨੀਆਂ ਦਾ ਭਰੋਸਾ ਵਧਿਆ: 2 ਲੱਖ ਕਰੋੜ ਰੁਪਏ ਦੇ ਨਿਵੇਸ਼ ਪ੍ਰਸਤਾਵ ਪ੍ਰਾਪਤ ਹੋਏ, 6.63 ਲੱਖ ਨੌਕਰੀਆਂ ਪੈਦਾ ਹੋਣਗੀਆਂ: ਅਮਨ ਅਰੋੜਾ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਪੰਜਾਬ ਦੇ ਉਦਯੋਗਿਕ ਢਾਂਚੇ ਨੂੰ ਵੱਡਾ ਹੁਲਾਰਾ ਦਿੰਦਿਆਂ ਪੰਜਾਬ ਦੇ ਉਦਯੋਗ ਅਤੇ ਵਣਜ ਤੇ ਨਿਵੇਸ਼ ਪ੍ਰੋਤਸਾਹਨ ਮੰਤਰੀ ਅਮਨ ਅਰੋੜਾ ਨੇ ਅੱਜ ਦੱਸਿਆ ਕਿ ਜਾਪਾਨੀ ਪੈਕੇਜਿੰਗ ਕੰਪਨੀ 'ਟੋਪਨ ਸਪੈਸ਼ਲਿਟੀ ਫਿਲਮਜ਼ ਪ੍ਰਾਈਵੇਟ ਲਿਮਟਿਡ' (ਟੀਐਸਐਫ) ਵੱਲੋਂ ਆਪਣੇ ਪਲਾਂਟ ਦੇ ਵਿਆਪਕ ਵਿਸਤਾਰ ਦਾ ਐਲਾਨ ਕੀਤਾ ਗਿਆ ਹੈ। ਜਾਪਾਨ ਦੀ 'ਟੋਪਨ ਹੋਲਡਿੰਗਜ਼ ਇੰਕ.' ਦੀ ਸਹਾਇਕ ਕੰਪਨੀ, 'ਟੋਪਨ ਸਪੈਸ਼ਲਿਟੀ ਫਿਲਮਜ਼' ਵੱਲੋਂ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੇ ਪਿੰਡ ਰੈਲ ਮਾਜਰਾ ਵਿਖੇ ਸਥਿਤ ਆਪਣੀ ਨਿਰਮਾਣ ਇਕਾਈ ਦਾ 244 ਕਰੋੜ ਰੁਪਏ ਦੇ ਨਿਵੇਸ਼ ਨਾਲ ਵਿਸਤਾਰ ਕੀਤਾ ਜਾ ਰਿਹਾ ਹੈ।

ਇਹ ਐਲਾਨ ਉਦਯੋਗ ਮੰਤਰੀ ਨੇ ਇੱਥੇ ਪੰਜਾਬ ਭਵਨ ਵਿਖੇ ਇੱਕ ਪ੍ਰੈਸ ਕਾਨਫਰੰਸ ਦੌਰਾਨ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ 'ਟੋਪਨ ਸਪੈਸ਼ਲਿਟੀ ਫਿਲਮਜ਼' ਦੇ ਮੁੱਖ ਵਿੱਤੀ ਅਧਿਕਾਰੀ (ਸੀਐਫਓ) ਅਤੇ ਹੋਲ-ਟਾਈਮ ਡਾਇਰੈਕਟਰ ਅਮਿਤ ਜੈਨ ਵੀ ਮੌਜੂਦ ਸਨ। ਇਸ ਮੌਕੇ ਉਦਯੋਗ ਵਿਭਾਗ ਦੇ ਪ੍ਰਬੰਧਕੀ ਸਕੱਤਰ ਡਾ. ਬਸੰਤ ਗਰਗ, ਡਾਇਰੈਕਟਰ ਜਸਪ੍ਰੀਤ ਸਿੰਘ ਅਤੇ ਇਨਵੈਸਟ ਪੰਜਾਬ ਦੇ ਐਡੀਸ਼ਨਲ ਸੀ.ਈ.ਓ ਸੋਨੂ ਦੁੱਗਲ ਵੀ ਮੌਜੂਦ ਸਨ।ਅਮਨ ਅਰੋੜਾ ਨੇ ਕਿਹਾ ਕਿ ਇਹ ਵਿਸਤਾਰ ਨਿਵੇਸ਼ ਲਈ ਕੰਪਨੀਆਂ ਦੀ ਪੰਜਾਬ ਵੱਲ ਖਿੱਚ ਦੇ ਵਧਦੇ ਰੁਝਾਨ ਨੂੰ ਦਰਸਾਉਂਦਾ ਹੈ। ਮਾਰਚ, 2022 ਤੋਂ ਲੈ ਕੇ ਹੁਣ ਤੱਕ ਸੂਬੇ ਨੂੰ 10,673 'ਕਾਮਨ ਐਪਲੀਕੇਸ਼ਨ ਫਾਰਮਾਂ' ਰਾਹੀਂ ਤਕਰੀਬਨ 2 ਲੱਖ ਕਰੋੜ ਰੁਪਏ ਦੇ ਨਿਵੇਸ਼ ਪ੍ਰਸਤਾਵ ਪ੍ਰਾਪਤ ਹੋਏ ਹਨ, ਜਿਨ੍ਹਾਂ ਵਿੱਚ 6.63 ਲੱਖ ਤੋਂ ਵੱਧ ਲੋਕਾਂ ਨੂੰ ਰੁਜ਼ਗਾਰ ਦੇਣ ਦੀ ਸਮਰੱਥਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਅਪ੍ਰੈਲ ਤੋਂ ਅਕਤੂਬਰ, 2026 ਤੱਕ ਸੂਬੇ ਨੂੰ 1846 ਕਾਮਨ ਐਪਲੀਕੇਸ਼ਨ ਫਾਰਮਾਂ ਰਾਹੀਂ 35966 ਕਰੋੜ ਰੁਪਏ ਦੇ ਨਿਵੇਸ਼ ਪ੍ਰਸਤਾਵ ਪ੍ਰਾਪਤ ਹੋਏ ਹਨ। ਇਹ ਅੰਕੜਾ ਪੰਜਾਬ ਵਿੱਚ ਵਿਸ਼ਵ ਭਰ ਦੀਆਂ ਕੰਪਨੀਆਂ ਦੇ ਵਧ ਰਹੇ ਭਰੋਸੇ ਨੂੰ ਦਰਸਾਉਂਦਾ ਹੈ।ਅਮਨ ਅਰੋੜਾ ਨੇ ਦੱਸਿਆ ਕਿ ਰੈਲ ਮਾਜਰਾ ਵਿਖੇ ਕੀਤੇ ਜਾਣ ਵਾਲੇ ਇਸ ਵਿਸਤਾਰ ਤਹਿਤ ਇੱਕ ਨਵੀਂ ਥਰਮਲ ਲੈਮੀਨੇਸ਼ਨ ਲਾਈਨ, ਇੱਕ ਨਵੀਂ ਕੋਟਿੰਗ ਲਾਈਨ ਅਤੇ ਦੋ ਨਵੇਂ ਮੈਟਾਲਾਈਜ਼ਰ ਲਾਏ ਜਾਣਗੇ, ਜਿਸ ਨਾਲ ਪਲਾਂਟ ਦੀ ਸਾਲਾਨਾ ਸਮਰੱਥਾ



ਵਿੱਚ 19,700 ਟਨ ਦਾ ਵਾਧਾ ਹੋਵੇਗਾ। ਇਸ ਅਪਗ੍ਰੇਡ ਨਾਲ 127 ਨਵੀਆਂ ਨੌਕਰੀਆਂ ਪੈਦਾ ਹੋਣਗੀਆਂ, ਜਿਨ੍ਹਾਂ ਵਿੱਚੋਂ 22 ਨੌਕਰੀਆਂ ਔਰਤਾਂ ਲਈ ਹੋਣਗੀਆਂ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਸਥਾਈ ਉਦਯੋਗਿਕ ਅਮਲਾਂ ਪ੍ਰਤੀ ਵਚਨਬੱਧਤਾ ਨੂੰ ਉਜਾਗਰ ਕਰਦਿਆਂ ਸ੍ਰੀ ਅਮਨ ਅਰੋੜਾ ਨੇ ਦੱਸਿਆ ਕਿ ਕੰਪਨੀ ਦੋ ਬਾਇਓਮਾਸ-ਆਧਾਰਿਤ ਹੀਟਰ ਵੀ ਲਾਵੇਗੀ। ਇਹ ਹੀਟਰ ਫਰਨੇਸ ਆਇਲ ਦੀ ਥਾਂ 'ਤੇ ਹਰ ਮਹੀਨੇ ਲਗਭਗ ਝੋਨੇ ਦੀ 900 ਟਨ ਪਰਾਲੀ ਦੀ ਵਰਤੋਂ ਕਰਨਗੇ ਅਤੇ ਇਸ ਪ੍ਰਕਿਰਿਆ ਤੋਂ ਪੈਦਾ ਹੋਣ ਵਾਲੀ ਸੁਆਹ ਨੂੰ ਮਿੱਟੀ ਦੀ ਉਪਜਾਊ ਸ਼ਕਤੀ ਵਧਾਉਣ ਵਾਲੀ ਸਮੱਗਰੀ ਵਜੋਂ ਸਥਾਨਕ ਕਿਸਾਨਾਂ ਨੂੰ ਮੁਹੱਈਆ ਕਰਵਾਇਆ ਜਾਵੇਗਾ। ਦਸੰਬਰ, 2025 ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਜਾਪਾਨ ਦੌਰੇ ਦਾ ਜ਼ਿਕਰ ਕਰਦਿਆਂ ਉਦਯੋਗ ਮੰਤਰੀ ਨੇ ਦੱਸਿਆ ਕਿ ਟੋਪਨ ਦੀ ਸੀਨੀਅਰ ਲੀਡਰਸ਼ਿਪ ਨਾਲ ਹੋਈ ਗੱਲਬਾਤ ਦੌਰਾਨ ਕੰਪਨੀ ਨੇ ਪੰਜਾਬ ਵਿੱਚ ਆਪਣੇ ਪਲਾਂਟ ਦਾ ਵਿਸਤਾਰ ਕਰਨ ਦੀ ਇੱਛਾ ਪ੍ਰਗਟਾਈ ਸੀ। ਇਸ ਤੋਂ ਇਲਾਵਾ ਉਦਯੋਗ-ਅਧਾਰਿਤ ਸਿਖਲਾਈ ਅਤੇ ਅਪ੍ਰੈਂਟਿਸਸ਼ਿਪ ਲਈ ਇੱਕ ਸਕਿਲਿੰਗ ਐਕਸੀਲੈਂਸ ਸੈਂਟਰ ਸਥਾਪਤ ਕਰਨ ਵਾਸਤੇ ਇਨਵੈਸਟ ਪੰਜਾਬ ਨਾਲ ਸਮਝੌਤਾ ਵੀ ਸਹੀਬੱਧ ਕੀਤਾ ਗਿਆ ਸੀ।ਅਮਨ ਅਰੋੜਾ ਨੇ ਕਿਹਾ, "ਇਹ ਮੌਜੂਦਾ ਵਿਸਤਾਰ ਕੰਪਨੀ ਦੁਆਰਾ ਉਸ ਵਚਨਬੱਧਤਾ ਨੂੰ ਪੂਰਾ ਕਰਨ ਵੱਲ ਇੱਕ ਕਦਮ ਹੈ।" ਉਨ੍ਹਾਂ ਕਿਹਾ ਕਿ 'ਟੋਪਨ' ਵਰਗੀਆਂ ਆਲਮੀ ਕੰਪਨੀਆਂ ਦਾ ਲਗਾਤਾਰ ਵਿਸਤਾਰ ਪੰਜਾਬ ਦੇ ਨਿਰਮਾਣ ਈਕੋਸਿਸਟਮ ਨੂੰ ਮਜ਼ਬੂਤ ਕਰਦਾ ਹੈ, ਸੂਬੇ ਵਿੱਚ ਉੱਨਤ ਤਕਨਾਲੋਜੀ ਲਿਆਉਂਦਾ ਹੈ ਅਤੇ ਇੱਥੋਂ ਦੇ ਨੌਜਵਾਨਾਂ ਲਈ ਹੁਨਰਮੰਦ ਰੁਜ਼ਗਾਰ ਦੇ ਮੌਕੇ ਪੈਦਾ ਕਰਦਾ ਹੈ।

ਵਿਸ਼ਵ ਭਰ ਦੇ ਨਿਵੇਸ਼ਕਾਂ ਨੂੰ ਪੰਜਾਬ ਵਿੱਚ ਨਿਵੇਸ਼ ਲਈ ਸੱਦਾ ਦਿੰਦਿਆਂ ਸ੍ਰੀ ਅਮਨ ਅਰੋੜਾ ਨੇ ਉਦਯੋਗਿਕ ਅਤੇ ਵਪਾਰਕ ਵਿਕਾਸ ਨੀਤੀ-2026 ਅਤੇ 'ਇਨਵੈਸਟ ਪੰਜਾਬ' ਦੇ 'ਸਿੰਗਲ-ਵਿੰਡੋ ਸਿਸਟਮ' ਰਾਹੀਂ ਨਿਵੇਸ਼ਕਾਂ ਦੀ ਸਹੂਲਤ ਪ੍ਰਤੀ ਮੁੱਖ ਮੰਤਰੀ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਵਚਨਬੱਧਤਾ ਦੁਹਰਾਈ। ਉਨ੍ਹਾਂ ਦੱਸਿਆ ਕਿ 20 ਵਿਭਾਗਾਂ ਵਿੱਚ 300 ਤੋਂ ਵੱਧ ਪ੍ਰਵਾਨਗੀਆਂ ਹੁਣ ਆਨਲਾਈਨ ਪ੍ਰਦਾਨ ਕੀਤੀਆਂ ਜਾਂਦੀਆਂ ਹਨ, ਜੋ ਨਿਵੇਸ਼ਕਾਂ ਲਈ ਤੇਜ਼, ਪਾਰਦਰਸ਼ੀ ਅਤੇ ਨਿਰਵਿਘਨ ਪ੍ਰਵਾਨਗੀਆਂ ਨੂੰ ਯਕੀਨੀ ਬਣਾਉਂਦੀਆਂ ਹਨ।ਮੁੱਖ ਮੰਤਰੀ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਸਮਰਥਨ ਅਤੇ ਨਿਵੇਸ਼ਕ-ਪੱਖੀ ਮਾਹੌਲ ਲਈ ਧੰਨਵਾਦ ਕਰਦਿਆਂ, ਅਮਿਤ ਜੈਨ ਨੇ ਮੀਡੀਆ ਨੂੰ ਪੰਜਾਬ ਵਿੱਚ ਕੰਪਨੀ ਦੇ ਕਾਰਜਾਂ ਅਤੇ ਵਿਸਥਾਰ ਦੇ ਤਕਨੀਕੀ ਵੇਰਵਿਆਂ ਬਾਰੇ ਜਾਣਕਾਰੀ ਦਿੱਤੀ। ਜੈਨ ਨੇ ਕਿਹਾ ਕਿ ਟੋਪਨ ਪੰਜਾਬ ਦੇ ਨੌਜਵਾਨਾਂ ਵਿੱਚ ਵੀ ਨਿਵੇਸ਼ ਕਰ ਰਹੀ ਹੈ। ਮਈ 2026 ਵਿੱਚ ਕੰਪਨੀ ਨੇ ਪੌਲੀਟੈਕਨਿਕ, ਰੋਪੜ ਵਿਖੇ ਇੱਕ ਹੁਨਰ ਵਿਕਾਸ ਸਿਖਲਾਈ ਕੇਂਦਰ ਦਾ ਉਦਘਾਟਨ ਕੀਤਾ, ਜੋ ਆਈਆਈਟੀ ਰੋਪੜ ਅਤੇ ਸੀਆਈਪੀਈਟੀ ਬੱਦੀ ਦੇ ਸਹਿਯੋਗ ਨਾਲ ਪਲਾਸਟਿਕ ਪ੍ਰੋਸੈਸਿੰਗ, ਟੈਲੀ ਈਆਰਪੀ ਅਤੇ ਇਲੈਕਟ੍ਰੀਸ਼ੀਅਨ ਟਰੇਡਾਂ ਵਿੱਚ ਸਿਖਲਾਈ ਪ੍ਰਦਾਨ ਕਰਦਾ ਹੈ। ਉਨ੍ਹਾਂ ਦੱਸਿਆ ਕਿ ਪਹਿਲੇ ਬੈਚ ਨੇ ਲਗਭਗ 100 ਫੀਸਦੀ ਪਲੇਸਮੈਂਟ ਪ੍ਰਾਪਤ ਕੀਤੀ ਹੈ। ਟੋਪਨ ਵੱਲੋਂ ਇੱਕ ਸਕਿਲਿੰਗ ਐਕਸੀਲੈਂਸ ਸੈਂਟਰ ਸਥਾਪਤ ਕਰਨ ਲਈ ਨਿਵੇਸ਼ ਪੰਜਾਬ ਨਾਲ ਇੱਕ ਸਮਝੌਤਾ ਸਹੀਬੱਧ ਕੀਤਾ ਗਿਆ ਹੈ, ਜੋ ਕਿ ਹੁਨਰ ਪੰਜਾਬ ਪੋਰਟਲ ਦੇ ਪੂਰਕ ਵਜੋਂ ਕੰਮ ਕਰਦਾ ਹੈ ਅਤੇ ਸੂਬੇ ਭਰ ਵਿੱਚ ਲਗਭਗ 1,750 ਵਿਦਿਅਕ ਅਤੇ ਸਿਖਲਾਈ ਸੰਸਥਾਵਾਂ ਨਾਲ ਉਦਯੋਗ ਨੂੰ ਜੋੜਦਾ ਹੈ।

ਭਾਰਤ ਜਲਵਾਯੂ ਪਰਿਵਰਤਨ ਪ੍ਰਦਰਸ਼ਨ ਸੂਚਕਾਂਕ ਵਿੱਚ 28ਵੇਂ ਸਥਾਨ 'ਤੇ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਵੀਰਵਾਰ ਨੂੰ ਪ੍ਰਕਾਸ਼ਿਤ ਜਲਵਾਯੂ ਪਰਿਵਰਤਨ ਪ੍ਰਦਰਸ਼ਨ ਸੂਚਕਾਂਕ ਦੀ ਸਾਲਾਨਾ ਰਿਪੋਰਟ ਵਿੱਚ ਭਾਰਤ 28ਵੇਂ ਸਥਾਨ 'ਤੇ ਹੈ, ਜੋ ਕਿ 64 ਦੇਸ਼ਾਂ ਅਤੇ ਯੂਰਪੀ ਸੰਘ ਦੇ ਜਲਵਾਯੂ ਘਟਾਉਣ ਦੇ ਪ੍ਰਦਰਸ਼ਨ ਨੂੰ ਟਰੈਕ ਕਰਨ ਲਈ ਇੱਕ ਸੁਤੰਤਰ ਨਿਗਰਾਨੀ ਟੂਲ ਹੈ। ਇਹ ਪਿਛਲੇ ਸਾਲ ਨਾਲੋਂ ਪੰਜ ਸਥਾਨ ਹੇਠਾਂ ਹੈ। ਹਾਲਾਂਕਿ, ਭਾਰਤ ਨੇ ਇੱਕ ਸਮੁੱਚੀ ਮੱਧਮ ਰੇਟਿੰਗ ਬਰਕਰਾਰ ਰੱਖੀ ਹੈ, ਜਿਸ ਨੂੰ ਘੁਘ ਨਿਕਾਸ, ਊਰਜਾ ਵਰਤੋਂ ਅਤੇ ਜਲਵਾਯੂ ਨੀਤੀ ਵਿੱਚ ਇੱਕ ਮੱਧਮ ਰੇਟਿੰਗ ਪ੍ਰਾਪਤ ਹੋਈ ਹੈ। ਇਸਦੀ ਉੱਚ ਨਵਿਆਉਣਯੋਗ ਊਰਜਾ ਰੁਝਾਨ ਰੇਟਿੰਗ ਨਵਿਆਉਣਯੋਗ ਊਰਜਾ ਸ਼੍ਰੇਣੀ ਦੇ ਅੰਦਰ ਹਾਲ ਹੀ ਵਿੱਚ ਹੋਈ ਪ੍ਰਗਤੀ ਨੂੰ ਮਾਨਤਾ ਦਿੰਦੀ ਹੈ।ਅੰਟਾਲਿਆ, ਤੁਰਕੀ ਵਿੱਚ ਚੱਲ ਰਹੇ ਸੰਯੁਕਤ ਰਾਸ਼ਟਰ ਜਲਵਾਯੂ ਪਰਿਵਰਤਨ ਸੰਮੇਲਨ ਦੇ 31ਵੇਂ ਸੰਮੇਲਨ ਦੇ ਵਿਚਕਾਰ ਆਈਆਂ ਰੈਂਕਿੰਗਾਂ ਹਰੇਕ ਦੇਸ਼ ਦੇ ਸਮੁੱਚੇ ਸਕੋਰ 'ਤੇ ਅਧਾਰਤ ਹਨ। ਰੈਂਕਿੰਗਾਂ ਦੀ ਗਣਨਾ ਚਾਰ ਸ਼੍ਰੇਣੀਆਂ ਵਿੱਚ ਵਿਅਕਤੀਗਤ ਸਕੋਰਾਂ ਤੋਂ ਕੀਤੀ ਜਾਂਦੀ ਹੈ, ਜਿਸ ਵਿੱਚ 14 ਸੂਚਕ ਸ਼ਾਮਲ ਹਨ। ਕੋਈ ਵੀ ਦੇਸ਼ ਸਾਰੀਆਂ ਸੂਚਕਾਂਕ ਸ਼੍ਰੇਣੀਆਂ ਵਿੱਚ ਇੰਨਾ ਵਧੀਆ ਪ੍ਰਦਰਸ਼ਨ ਨਹੀਂ ਕਰਦਾ ਕਿ ਸਮੁੱਚੀ ਬਹੁਤ ਉੱਚ ਰੇਟਿੰਗ ਪ੍ਰਾਪਤ ਕੀਤੀ ਜਾ ਸਕੇ। ਇਸ ਲਈ, ਪਹਿਲੇ ਤਿੰਨ ਸਮੁੱਚੇ ਸਥਾਨ ਖਾਲੀ ਰਹਿੰਦੇ ਹਨ। ਨਤੀਜੇ ਦਰਸਾਉਂਦੇ ਹਨ ਕਿ, ਭਾਵੇਂ ਸਾਰੇ ਦੇਸ਼ ਮੌਜੂਦਾ ਮੋਹਰੀ ਦੇਸ਼ਾਂ ਵਾਂਗ ਵਚਨਬੱਧ ਹੋਣ, ਫਿਰ ਵੀ ਖ਼ਤਰਨਾਕ ਜਲਵਾਯੂ ਪਰਿਵਰਤਨ ਨੂੰ ਰੋਕਣ ਲਈ ਯਤਨ ਨਾਕਾਫ਼ੀ ਹੋਣਗੇ।

ਰਿਪੋਰਟ ਦੇ ਅਨੁਸਾਰ, ਪ੍ਰਤੀਯੋਗੀ ਖਰੀਦ, ਛੱਤ 'ਤੇ ਸੂਰਜੀ ਸਹਾਇਤਾ, ਅਤੇ ਘਰੇਲੂ ਨਿਰਮਾਣ ਪ੍ਰੋਤਸਾਹਨ ਨੇ ਭਾਰਤ ਵਿੱਚ ਨਵਿਆਉਣਯੋਗ ਊਰਜਾ ਤੈਨਾਤੀਆਂ ਦਾ ਸਮਰਥਨ ਕੀਤਾ ਹੈ। ਜੂਨ 2025 ਵਿੱਚ, ਗੈਰ-ਜੀਵਾਸ਼ਮ ਸਰੋਤ ਸੰਚਤ ਸਥਾਪਿਤ ਬਿਜਲੀ ਸਮਰੱਥਾ ਦੇ 50 ਪ੍ਰਤੀਸ਼ਤ ਤੱਕ ਪਹੁੰਚ ਗਏ, ਜੋ ਕਿ ਪਿਛਲੇ 2030 ਰਾਸ਼ਟਰੀ ਤੌਰ 'ਤੇ ਨਿਰਧਾਰਤ ਯੋਗਦਾਨਟੀਚੇ ਤੋਂ ਪੰਜ ਸਾਲ ਪਹਿਲਾਂ ਸੀ। ਇਸ ਵਿੱਚ



ਪ੍ਰਮਾਣੂ ਊਰਜਾ ਦੇ ਨਾਲ-ਨਾਲ ਨਵਿਆਉਣਯੋਗ ਊਰਜਾ ਵੀ ਸ਼ਾਮਲ ਹੈ ਅਤੇ ਅਸਲ ਵਿੱਚ ਪੈਦਾ ਹੋਣ ਵਾਲੀ ਬਿਜਲੀ ਦੇ ਹਿੱਸੇ ਤੋਂ ਵੱਖਰਾ ਹੈ।

ਛਛਫੀ ਦੇਸ਼ ਦੇ ਮਾਹਰ ਵਿਸਤ੍ਰਿਤ ਸੂਰਜੀ ਅਤੇ ਹਵਾ, ਛੱਤ 'ਤੇ ਸਥਾਪਨਾਵਾਂ, ਅਤੇ ਇਲੈਕਟ੍ਰਿਕ ਵਾਹਨਾਂ ਦਾ ਸਵਾਗਤ ਕਰਦੇ ਹਨ। 2031-2035 ਲਈ ਭਾਰਤ ਦੇ (ਰਾਸ਼ਟਰੀ ਪੱਧਰ 'ਤੇ ਨਿਰਧਾਰਤ ਯੋਗਦਾਨ) ਵਿੱਚ 2035 ਲਈ ਕੁਝ ਟੀਚੇ ਨਿਰਧਾਰਤ ਕੀਤੇ ਗਏ ਹਨ: 2005 ਦੇ ਪੱਧਰਾਂ ਦੇ ਮੁਕਾਬਲੇ ਕੁੱਲ ਘਰੇਲੂ ਉਤਪਾਦ (ਘਧਫ) ਦੀ ਨਿਕਾਸੀ ਤੀਬਰਤਾ ਵਿੱਚ 47 ਫੀਸਦੀ ਦੀ ਕਮੀ; ਗੈਰ-ਜੀਵਾਸ਼ਮ ਸਰੋਤਾਂ ਤੋਂ ਬਿਜਲੀ ਉਤਪਾਦਨ ਦੀ ਕੁੱਲ ਸਥਾਪਿਤ ਸਮਰੱਥਾ ਦਾ ਲਗਭਗ 60 ਫੀਸਦੀ ਹਿੱਸਾ; ਅਤੇ ਜੰਗਲਾਂ ਤੇ ਰੁੱਖਾਂ ਰਾਹੀਂ 3.5 ਤੋਂ 4 ਅਰਬ ਟਨ ਕਾਰਬਨ ਡਾਈਆਕਸਾਈਡ ਦੇ ਬਰਾਬਰ ਕਾਰਬਨ ਨੂੰ ਸੋਖਣ ਦੀ ਸਮਰੱਥਾ (2005 ਦੇ ਮੁਕਾਬਲੇ)। ਸਮਰੱਥਾ ਨਾਲ ਸਬੰਧਤ ਇਹ ਟੀਚੇ ਅੰਤਰਰਾਸ਼ਟਰੀ ਤਕਨਾਲੋਜੀ ਸਹਿਯੋਗ ਅਤੇ ਘੱਟ ਲਾਗਤ ਵਾਲੇ ਵਿੱਤ 'ਤੇ ਨਿਰਭਰ ਕਰਦੇ ਹਨ। ਸਿਵਲ ਸੁਸਾਇਟੀ ਦੇ ਕੁਝ ਮਾਹਰਾਂ ਦਾ ਮੰਨਣਾ ਹੈ ਕਿ ਹਾਲੀਆ ਵਿਸਤਾਰ ਨੂੰ ਦੇਖਦੇ ਹੋਏ, ਹੋਰ ਵੀ ਉੱਚੇ ਟੀਚੇ ਰੱਖੇ ਜਾ ਸਕਦੇ ਹਨ।

ਦੂਜੇ ਪਾਸੇ, ਕੁਝ ਮਾਹਰ ਮੌਜੂਦਾ ਸਮਰੱਥਾ ਅਤੇ ਆਉਣ ਵਾਲੇ ਪ੍ਰੋਜੈਕਟਾਂ 'ਤੇ ਜ਼ੋਰ ਦਿੰਦੇ ਹਨ, ਅਤੇ ਮੌਜੂਦਾ ਟੀਚਿਆਂ ਨੂੰ ਪੂਰਾ ਕਰਨ ਨੂੰ ਤਰਜੀਹ ਦਿੰਦੇ ਹਨ। ਮਾਹਰਾਂ ਨੇ ਨੋਟ ਕੀਤਾ ਹੈ ਕਿ ਨਵਿਆਉਣਯੋਗ ਊਰਜਾ ਦੇ ਵਿਸਤਾਰ ਅਤੇ ਬਿਜਲੀ ਦੇ ਪ੍ਰਸਾਰਣ, ਵੰਡ ਤੇ ਭੰਡਾਰਨਦੇ ਵਿਕਾਸ ਵਿਚਕਾਰ ਇੱਕ ਅਸੰਤੁਲਨ ਹੈ।

ਊਰਜਾ ਖੇਤਰ ਦੇ 'ਥਿੰਕ-ਟੈਂਕ' (ਵਿਚਾਰ-ਮੰਚ) 'ਐਂਬਰ' ਦਾ ਅਨੁਮਾਨ ਹੈ ਕਿ ਮਈ 2025 ਦੇ ਅਖੀਰ ਤੋਂ ਦਸੰਬਰ 2025 ਦੇ ਵਿਚਕਾਰ, ਗਰਿੱਡ ਦੀ ਸੁਰੱਖਿਆ ਬਣਾਈ ਰੱਖਣ ਲਈ ਭਾਰਤ ਨੂੰ 2.3 ਟੈਰਾਵਾਟ-ਘੰਟੇ ਸੂਰਜੀ ਊਰਜਾ ਉਤਪਾਦਨ ਨੂੰ ਘਟਾਉਣਾ ਪਿਆ। ਇਹ ਕਾਰਵਾਈ ਸੰਚਾਲਨ ਸੰਬੰਧੀ ਸੀਮਾਵਾਂ ਨੂੰ ਦਰਸਾਉਂਦੀ ਹੈ, ਜਿਸ ਵਿੱਚ ਰਵਾਇਤੀ ਊਰਜਾ ਉਤਪਾਦਨ ਪ੍ਰਣਾਲੀਆਂ ਵਿੱਚ ਲਚਕਤਾ ਦੀ ਕਮੀ ਵੀ ਸ਼ਾਮਲ ਹੈ।ਗਰਿੱਡ, ਊਰਜਾ ਭੰਡਾਰਨ, ਮੰਗ ਵਿੱਚ ਲਚਕਤਾ, ਅਤੇ ਬਿਜਲੀ ਘਰਾਂ ਦੇ ਸੰਚਾਲਨ ਵਿੱਚ ਲਚਕਤਾ ਲਿਆਉਣ ਲਈ ਤਾਲਮੇਲ ਨਾਲ ਨਿਵੇਸ਼ ਕਰਨ ਨਾਲ, ਸਮਰੱਥਾ ਵਿੱਚ ਵਾਧੇ ਨੂੰ ਵਧੇਰੇ ਨਵਿਆਉਣਯੋਗ ਊਰਜਾ ਉਤਪਾਦਨ ਅਤੇ ਜੀਵਾਸ਼ਮ ਈਂਧਨ ਦੀ ਵਰਤੋਂ ਵਿੱਚ ਕਮੀ ਵਿੱਚ ਬਦਲਣ ਵਿੱਚ ਮਦਦ ਮਿਲੇਗੀ। ਮਾਹਰ ਇਲੈਕਟ੍ਰਿਕ ਵਾਹਨਾਂ, ਉਦਯੋਗਿਕ ਕੁਸ਼ਲਤਾ ਪ੍ਰੋਗਰਾਮਾਂ, ਅਤੇ ਉਪਕਰਣਾਂ ਲਈ ਨਿਰਧਾਰਤ ਮਿਆਰਾਂ ਵਿੱਚ ਹੋਈ ਪ੍ਰਗਤੀ ਨੂੰ ਸਵੀਕਾਰ ਕਰਦੇ ਹਨ। 'ਕਾਰਬਨ ਕ੍ਰੈਡਿਟ ਟਰੇਡਿੰਗ ਸਕੀਮ' ਤਹਿਤ, ਜਨਵਰੀ 2026 ਤੋਂ 490 ਉਦਯੋਗਿਕ ਇਕਾਈਆਂ ਲਈ ਨਿਕਾਸੀ ਤੀਬਰਤਾ ਦੇ ਟੀਚੇ ਨਿਰਧਾਰਤ ਕੀਤੇ ਗਏ ਹਨ। ਮਾਹਰ ਉੱਚੇ ਟੀਚਿਆਂ, ਭਰੋਸੇਯੋਗ ਤਸਦੀਕ, ਅਤੇ ਨਿਕਾਸੀ ਵਿੱਚ ਸਪੱਸ਼ਟ ਕਮੀ ਲਿਆਉਣ 'ਤੇ ਜ਼ੋਰ ਦਿੰਦੇ ਹਨ। ਉਹ ਇਮਾਰਤ ਨਿਰ ਇੱਕ ਯੂਨੀਵਰਸਿਟੀ ਦਾ ਇੱਕ ਮਾਹਰ ਇਸ ਵਚਨਬੱਧਤਾ ਅਤੇ ਸੰਪੂਰਨ ਕਟੌਤੀਆਂ ਬਾਰੇ ਸਿਫ਼ਾਰਸ਼ਾਂ ਵਿਚਕਾਰ ਅੰਤਰ 'ਤੇ ਜ਼ੋਰ ਦਿੰਦਾ ਹੈ।

CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic:43779

Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



Office Ph.(916) 427-4321

6624 FLORIN ROAD, SACRAMENTO CA, 95828

FAX: 916)258-0441, Cell: (916)308-7997

Email: sacramento99@yahoo.com Website: www.capitalservices.us



CapitaL DRUG TESTING

CAPITAL DRUG TESTING

Drug and Alcohol Test

DOT / NON DOT

PRE EMPLOYMENT - RANDOM
POST ACCIDENT - REASONABLE SUSPICION

Services: DOT Random Prog., FMCSA Clearinghouse, DOT Supervisor Training, SAP Classes Etc.



Lab. Ph:(916) 680-9293

6624 Florin Road
Sacramento CA, 95828

Email: capitaldrugtest@gmail.com
Website: www.capitaldrugtest.com

RED CHILLI INDIAN

FOOD TRUCK

ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE

VEG | NON -VEG ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ

BOOK US FOR


WEDDINGS


BIRTHDAY PARTIES


CORPORATE EVENTS


BACKYARD PARTIES

RED CHILLI INDIAN

FOOD TRUCK

ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ





RED CHILLI INDIAN FOOD TRUCK

ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ

DELIVERY Available



Call TO Order : (209) 216-8169

A Kaur 2340 Lander Ave Turlock, CA 95280

Serving Californians since 1999

Global Green®
INSURANCE AGENCY
Lic #oF34231

Mann Insurance Brokers Inc.
dba Global Green Insurance Agency of the Bay Area

AUTO, HOME, BUSINESS, LIFE

510-487-1000

WWW.GGIABA.COM

COVERED CALIFORNIA

Certified INSURANCE AGENT

Free Confidential Help

Call : Gurcharan Singh Mann
CA License

Medicare

Licensed Insurance Agent
CA Lic # 0C70672

CALL TO ENROL

510-557-0061

Buying
OR
Selling
Real Estate
Let
US
HELP

MANN
Real Estate Services

BAY AREA, TRACY, LATHROP, ELK GROVE, ROSEVILLE, ROCKLIN, MOUNTAIN HOUSE

510-557-0061

Find your home on our website

www.mannres.com



Gurcharan Singh
Mann
DRE#02321006

ਪ੍ਰਧਾਨ ਮੰਤਰੀ ਮੋਦੀ ਅਗਲੇ ਹਫ਼ਤੇ ਐਸੋਸੀਏਸ਼ਨ ਆਫ਼ ਸਾਊਥਈਸਟ ਏਸ਼ੀਅਨ ਨੇਸ਼ਨਜ਼' (ਆਸੀਆਨ)-ਭਾਰਤ ਸਿਖਰ ਸੰਮੇਲਨ ਲਈ ਜਾਣਗੇ ਫਿਲੀਪੀਨਜ਼

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ

ਵਿਦੇਸ਼ ਮੰਤਰਾਲੇ ਨੇ ਵੀਰਵਾਰ ਨੂੰ ਦੱਸਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਗਲੇ ਹਫ਼ਤੇ ਫਿਲੀਪੀਨਜ਼ ਦਾ ਦੌਰਾ ਕਰਨਗੇ। ਉਹ ਉੱਥੇ 'ਐਸੋਸੀਏਸ਼ਨ ਆਫ਼ ਸਾਊਥਈਸਟ ਏਸ਼ੀਅਨ ਨੇਸ਼ਨਜ਼' (ਆਸੀਆਨ)-ਭਾਰਤ ਸਿਖਰ ਸੰਮੇਲਨ (23ਵਾਂ) ਅਤੇ ਆਸੀਆਨ ਦੀ ਅਗਵਾਈ ਵਾਲੀ 'ਈਸਟ ਏਸ਼ੀਆ ਸਮਿਟ' (ਪੂਰਬੀ ਏਸ਼ੀਆ ਸਿਖਰ ਸੰਮੇਲਨ) ਪ੍ਰਕਿਰਿਆ ਦੀ 21ਵੀਂ ਮੀਟਿੰਗ ਵਿੱਚ ਹਿੱਸਾ ਲੈਣਗੇ। ਵਿਦੇਸ਼ ਮੰਤਰਾਲੇ ਵਿੱਚ ਸਕੱਤਰ (ਪੂਰਬ) ਰੁਦਰੇਂਦਰ ਟੰਡਨ ਨੇ ਵੀਰਵਾਰ ਨੂੰ ਨਵੀਂ ਦਿੱਲੀ ਵਿੱਚ ਇੱਕ ਵਿਸ਼ੇਸ਼ ਮੀਡੀਆ ਬ੍ਰੀਫਿੰਗ ਦੌਰਾਨ ਦੱਸਿਆ ਕਿ ਇਹ ਦੌਰਾ 16 ਤੋਂ 18 ਨਵੰਬਰ ਤੱਕ ਹੋਵੇਗਾ।

ਟੰਡਨ ਨੇ ਕਿਹਾ, "ਆਸੀਆਨ ਦੇ ਸਾਰੇ 11 ਮੈਂਬਰ ਦੇਸ਼ਾਂ ਨਾਲ ਬਹੁਤ ਸਰਗਰਮ ਦੁਵੱਲੇ ਸਬੰਧਾਂ ਤੋਂ ਇਲਾਵਾ, ਅਸੀਂ ਆਸੀਆਨ ਖੇਤਰੀ ਮੰਚ ਨਾਲ ਆਪਣੇ ਜੁੜਾਅ ਨੂੰ ਵੀ ਆਪਣੀ 'ਐਕਟ ਈਸਟ' ਨੀਤੀ ਦੇ ਇੱਕ ਮੁੱਖ ਹਿੱਸੇ ਜਾਂ ਨੀਂਹ ਵਜੋਂ ਦੇਖਦੇ ਹਾਂ।"

ਮਨੀਲਾ ਵਿੱਚ ਪ੍ਰਧਾਨ ਮੰਤਰੀ ਦੇ ਪ੍ਰੋਗਰਾਮ ਵਿੱਚ ਰਾਸ਼ਟਰਪਤੀ ਫਰਡੀਨੈਂਡ ਮਾਰਕੋਸ ਜੂਨੀਅਰ ਵੱਲੋਂ ਆਏ ਹੋਏ ਪਤਵੰਤਿਆਂ ਦੇ ਸਨਮਾਨ ਵਿੱਚ ਦਿੱਤਾ ਜਾਣ ਵਾਲਾ ਰਾਤ ਦਾ ਖਾਣਾ ਸ਼ਾਮਲ ਹੋਵੇਗਾ। ਇਸ ਤੋਂ ਅਗਲੇ ਦਿਨ ਆਸੀਆਨ-ਭਾਰਤ ਸਿਖਰ ਸੰਮੇਲਨ ਅਤੇ ਈਸਟ ਏਸ਼ੀਆ ਸਮਿਟ ਹੋਣਗੇ, ਜਿਸ ਦੌਰਾਨ ਹੋਰ ਨੇਤਾਵਾਂ ਨਾਲ ਦੁਵੱਲੀਆਂ ਮੁਲਾਕਾਤਾਂ ਵੀ ਹੋਣਗੀਆਂ। ਉਨ੍ਹਾਂ ਕਿਹਾ,



"ਭਾਰਤੀ ਭਾਈਚਾਰੇ ਵੱਲੋਂ ਵੀ ਪ੍ਰਧਾਨ ਮੰਤਰੀ ਨੂੰ ਮਿਲਣ ਦੀ ਜ਼ੋਰਦਾਰ ਮੰਗ ਹੈ, ਇਸ ਲਈ ਅਸੀਂ ਉਨ੍ਹਾਂ ਦੇ ਪ੍ਰੋਗਰਾਮ ਵਿੱਚ ਇਸ ਨੂੰ ਵੀ ਸ਼ਾਮਲ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ।" ਟੰਡਨ ਨੇ ਦੱਸਿਆ ਕਿ ਆਸੀਆਨ ਭਾਰਤ ਲਈ ਇੱਕ ਪ੍ਰਮੁੱਖ ਵਪਾਰਕ ਭਾਈਵਾਲ ਵਜੋਂ ਉੱਭਰਿਆ ਹੈ, ਅਤੇ ਇਸ ਪੂਰੇ ਖੇਤਰ ਨਾਲ ਵਪਾਰ ਲਗਭਗ 122 ਅਰਬ (ਡਾਲਰ) ਤੱਕ ਪਹੁੰਚ ਗਿਆ ਹੈ। ਉਨ੍ਹਾਂ ਕਿਹਾ, "ਭਾਰਤ ਵਿੱਚ ਸਾਡਾ ਪੱਕਾ ਮੰਨਣਾ ਹੈ ਕਿ ਹਿੰਦ ਮਹਾਸਾਗਰ ਨਾਲ ਜੁੜਿਆ ਦੇਸ਼ ਹੋਣ ਦੇ ਨਾਤੇ, ਜੋ ਕਿ ਦੱਖਣ-ਪੂਰਬੀ ਏਸ਼ੀਆ ਦੇ ਇਸ ਬਹੁਤ ਮਹੱਤਵਪੂਰਨ ਸਮੁੰਦਰੀ ਖੇਤਰ ਨਾਲ ਲੱਗਦਾ ਹੈ, ਆਸੀਆਨ ਮੈਂਬਰ ਦੇਸ਼ਾਂ ਨਾਲ ਇੱਕ ਮਜ਼ਬੂਤ ਰਣਨੀਤਕ ਸਬੰਧ ਹੋਣਾਭਾਵੇਂ ਉਹ ਸਮੂਹਿਕ ਤੌਰ 'ਤੇ ਹੋਣ ਜਾਂ ਵਿਅਕਤੀਗਤ ਤੌਰ 'ਤੇਸਾਡੇ ਦੋਵਾਂ ਲਈ ਲਾਹੇਵੰਦ ਹੈ।"

ਉਨ੍ਹਾਂ ਕਿਹਾ ਕਿ ਅਜਿਹੇ ਸਬੰਧ ਦੋਵਾਂ ਧਿਰਾਂ ਨੂੰ ਤੇਜ਼ੀ ਨਾਲ ਬਦਲਦੇ ਭੂ-ਰਾਜਨੀਤਿਕ ਹਾਲਾਤਾਂ ਨਾਲ ਨਜਿੱਠਣ ਲਈ ਵਧੇਰੇ ਸਮਰੱਥ ਬਣਾਉਣਗੇ ਅਤੇ ਸਮੁੱਚੇ ਏਸ਼ੀਆ ਵਿੱਚ ਸ਼ਾਂਤੀ ਅਤੇ ਸਥਿਰਤਾ ਲਿਆਉਣ ਵਿੱਚ ਯੋਗਦਾਨ ਪਾਉਣਗੇ। 'ਈਸਟ ਏਸ਼ੀਆ ਸਮਿਟ' ਨੂੰ ਆਸੀਆਨ ਦੀ ਅਗਵਾਈ ਵਾਲਾ ਅੱਠ ਨੇਤਾਵਾਂ ਦਾ ਇੱਕ "ਇਸ ਸਾਲ ਦੀ ਪੂਰਬੀ ਏਸ਼ੀਆ ਸੰਮੇਲਨ ਪ੍ਰਕਿਰਿਆ ਦੀ ਅਗਵਾਈ ਆਸੀਆਨ ਚੇਅਰਪਰਸਨ, ਜੋ ਕਿ ਫਿਲੀਪੀਨਜ਼ ਹੈ, ਕਰ ਰਿਹਾ ਹੈ। ਇਸੇ ਲਈ ਇਹ ਮਨੀਲਾ ਵਿੱਚ ਹੋ ਰਿਹਾ ਹੈ। ਇਹ ਵੀ, ਆਸੀਆਨ ਸਮੂਹਿਕ ਕੂਟਨੀਤੀ ਕਿੰਨੀ ਸਫਲ ਹੋਈ ਹੈ, ਇਸਦੀ ਇੱਕ ਸ਼ਾਨਦਾਰ ਉਦਾਹਰਣ ਹੈ," ਉਸਨੇ ਕਿਹਾ। ਇਸ ਸਾਲ ਦੇ ਆਸੀਆਨ ਸੰਮੇਲਨ ਅਤੇ ਆਸੀਆਨ ਪ੍ਰਕਿਰਿਆਵਾਂ ਦਾ ਵਿਸ਼ਾ 'ਭਵਿੱਖ ਦੀ ਨੈਵੀਗੇਟਿੰਗ' ਰਿਹਾ ਹੈ, ਅਤੇ ਨੇਤਾ ਆਪਣੇ ਆਲੇ ਦੁਆਲੇ ਦੀਆਂ ਤਬਦੀਲੀਆਂ ਪ੍ਰਤੀ ਵਧੇਰੇ ਲਚਕੀਲਾ ਬਣਨ ਲਈ ਸਹਿਯੋਗ ਨੂੰ ਵਧਾਉਣ 'ਤੇ ਧਿਆਨ ਕੇਂਦਰਿਤ ਕਰਨਗੇ।

ਰੱਖਿਆ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਭਾਰਤੀ ਫੌਜ ਦੇ ਵਫ਼ਦ ਦਾ ਇੰਡੋਨੇਸ਼ੀਆ ਦੌਰਾ

ਜਕਾਰਤਾ
ਸਾਂਝੀ ਸੋਚ ਬਿਊਰੋ

ਭਾਰਤ ਅਤੇ ਇੰਡੋਨੇਸ਼ੀਆ ਵਿਚਕਾਰ ਫੌਜੀ ਪੱਧਰ 'ਤੇ ਸਹਿਯੋਗ ਨੂੰ ਵਧਾਉਣ ਦੇ ਉਦੇਸ਼ ਨਾਲ, ਆਰਮੀ ਵਾਰ ਕਾਲਜ ਦੇ '55ਵੇਂ ਆਰਮੀ ਹਾਇਰ ਕਮਾਂਡ ਕੋਰਸ' ਦੇ ਇੱਕ ਵਫ਼ਦ ਨੇ ਜਕਾਰਤਾ ਵਿੱਚ 'ਇੰਡੋਨੇਸ਼ੀਆਈ ਨੈਸ਼ਨਲ ਆਰਮਡ ਫੋਰਸਿਜ਼ ਇੰਟਰਨੈਸ਼ਨਲ ਕੋਆਪਰੇਸ਼ਨ ਸੈਂਟਰ' ਦਾ ਦੌਰਾ ਕੀਤਾ। ਬੁੱਧਵਾਰ ਨੂੰ ਹੋਏ ਇਸ ਦੌਰੇ ਨੇ ਭਾਰਤੀ ਵਫ਼ਦ ਨੂੰ ਇੰਡੋਨੇਸ਼ੀਆ ਦੇ ਸੁਰੱਖਿਆ ਢਾਂਚੇ ਬਾਰੇ ਡੂੰਘਾਈ ਨਾਲ ਸਮਝਣ ਦਾ ਮੌਕਾ ਦਿੱਤਾ, ਅਤੇ ਨਾਲ ਹੀ ਦੋਵਾਂ ਦੇਸ਼ਾਂ ਦੀਆਂ ਹਥਿਆਰਬੰਦ ਸੈਨਾਵਾਂ ਵਿਚਕਾਰ ਰੱਖਿਆ ਸਹਿਯੋਗ ਨੂੰ ਹੋਰ ਮਜ਼ਬੂਤ ਕੀਤਾ। ਵੀਰਵਾਰ ਨੂੰ 'ਐਕਸ' (ਟਵਿੱਟਰ) 'ਤੇ ਇੱਕ ਪੋਸਟ ਵਿੱਚ, ਜਕਾਰਤਾ ਸਥਿਤ ਭਾਰਤੀ ਦੂਤਾਵਾਸ ਨੇ ਕਿਹਾ, "ਵਫ਼ਦ ਦਾ ਸਵਾਗਤ ਟੀਐਨਆਈ-ਆਈਸੀਸੀ ਦੇ ਕਮਾਂਡਰ, ਬ੍ਰਿਗੇਡੀਅਰ ਜਨਰਲ ਠੀ ਪੈਰੀ ਸੰਧੀ ਸਿਤੋਮਪੁਲ ਅਤੇ ਇੰਡੋਨੇਸ਼ੀਆਈ ਹਥਿਆਰਬੰਦ ਸੈਨਾਵਾਂ ਦੇ ਸੀਨੀਅਰ ਅਧਿਕਾਰੀਆਂ ਦੁਆਰਾ ਕੀਤਾ ਗਿਆ।

ਟੀਐਨਆਈ-ਆਈਸੀਸੀ ਵੱਲੋਂ ਕੋਰਸ ਦੇ ਮੈਂਬਰਾਂ ਨੂੰ ਇੰਡੋਨੇਸ਼ੀਆ ਦੀ ਰਾਸ਼ਟਰੀ ਰੱਖਿਆ ਅਤੇ ਸੁਰੱਖਿਆ ਰਣਨੀਤੀ ਬਾਰੇ ਵਿਸਤ੍ਰਿਤ ਜਾਣਕਾਰੀ ਦਿੱਤੀ ਗਈ। ਇਸ ਦੌਰਾਨ ਇਹ ਵੀ ਦੱਸਿਆ ਗਿਆ ਕਿ ਕਿਵੇਂ ਟੀਐਨਆਈ (ਇੰਡੋਨੇਸ਼ੀਆਈ ਹਥਿਆਰਬੰਦ ਸੈਨਾਵਾਂ) ਦੇਸ਼ ਨਿਰਮਾਣ ਅਤੇ ਸੁਰੱਖਿਆ ਦੇ ਖੇਤਰ ਵਿੱਚ ਅਹਿਮ ਭੂਮਿਕਾ ਨਿਭਾ ਰਹੀ ਹੈ।""ਇਸ ਤੋਂ ਬਾਅਦ ਇੱਕ



ਮਹੱਤਵਪੂਰਨ ਚਰਚਾ ਸੈਸ਼ਨ ਹੋਇਆ, ਜਿਸ ਵਿੱਚ ਮੌਜੂਦਾ ਪ੍ਰਣਾਲੀਆਂ ਅਤੇ ਭਵਿੱਖ ਵਿੱਚ ਦੁਵੱਲੇ ਰੱਖਿਆ ਸਹਿਯੋਗ ਦੇ ਸੰਭਾਵੀ ਖੇਤਰਾਂ ਬਾਰੇ ਗੱਲਬਾਤ ਕੀਤੀ ਗਈ। ਏਐਚਸੀਸੀ ਵਫ਼ਦ ਦਾ ਟੀਐਨਆਈ-ਆਈਸੀਸੀ ਦਾ ਇਹ ਦੌਰਾ ਦੋਵਾਂ ਦੇਸ਼ਾਂ ਵਿਚਕਾਰ ਵਧ ਰਹੇ ਤਾਲਮੇਲ ਨੂੰ ਹੋਰ ਮਜ਼ਬੂਤ ਕਰਦਾ ਹੈ। ਨਾਲ ਹੀ, ਇਸ ਨਾਲ ਭਾਰਤੀ ਹਥਿਆਰਬੰਦ ਸੈਨਾਵਾਂ ਦੇ ਭਵਿੱਖ ਦੇ ਅਧਿਕਾਰੀਆਂ (ਨੇਤਾਵਾਂ) ਨੂੰ ਇੰਡੋਨੇਸ਼ੀਆ ਦੇ ਰਾਸ਼ਟਰੀ ਸੁਰੱਖਿਆ ਦ੍ਰਿਸ਼ ਬਾਰੇ ਬਿਹਤਰ ਸਮਝ ਪ੍ਰਾਪਤ ਹੋਈ ਹੈ।"

ਪਿਛਲੇ ਹਫ਼ਤੇ, ਭਾਰਤ-ਇੰਡੋਨੇਸ਼ੀਆ ਸਾਂਝੇ ਫੌਜੀ ਅਭਿਆਸ 'ਗਰੁੜ ਸ਼ਕਤੀ 2026' ਦਾ 12ਵਾਂ ਸੰਸਕਰਣ ਇੰਡੋਨੇਸ਼ੀਆ ਦੇ ਬਾਨਯੁਵਾਂਗੀ ਵਿਖੇ ਇੱਕ ਸਮਾਪਤੀ ਸਮਾਰੋਹ ਨਾਲ ਸੰਪੰਨ ਹੋਇਆ, ਜਿਸ ਨਾਲ 11 ਦਿਨਾਂ ਦੀ ਸਖ਼ਤ ਸਾਂਝੀ ਸਿਖਲਾਈ ਦਾ ਅੰਤ ਹੋਇਆ। ਜਕਾਰਤਾ ਵਿੱਚ ਭਾਰਤੀ ਦੂਤਾਵਾਸ ਨੇ 'ਐਕਸ' (ਟਵਿੱਟਰ) 'ਤੇ ਪੋਸਟ ਕੀਤਾ, "ਭਾਰਤੀ ਫੌਜ ਅਤੇ ਇੰਡੋਨੇਸ਼ੀਆਈ ਫੌਜ ਵਿਚਕਾਰ ਸਾਂਝੇ ਫੌਜੀ ਅਭਿਆਸ 'ਗਰੁੜ ਸ਼ਕਤੀ 2026' ਦਾ 12ਵਾਂ ਸੰਸਕਰਣ 05 ਨਵੰਬਰ 2026 ਨੂੰ ਇੰਡੋਨੇਸ਼ੀਆ ਦੇ ਬਾਨਯੁਵਾਂਗੀ ਵਿਖੇ ਇੱਕ ਸਮਾਪਤੀ ਸਮਾਰੋਹ ਨਾਲ ਸੰਪੰਨ ਹੋਇਆ, ਜੋ 11 ਦਿਨਾਂ ਦੀ ਸਖ਼ਤ ਸਾਂਝੀ ਸਿਖਲਾਈ ਦੇ ਸਫਲ ਅੰਤ ਨੂੰ ਦਰਸਾਉਂਦਾ ਹੈ।"ਇਸ ਵਿੱਚ ਕਿਹਾ ਗਿਆ ਹੈ, "ਇਸ ਅਭਿਆਸ ਵਿੱਚ ਜੰਗਲ, ਟਾਪੂ ਅਤੇ ਤੱਟੀ ਵਾਤਾਵਰਣ ਵਿੱਚ ਸਖ਼ਤ ਸਿਖਲਾਈ ਸ਼ਾਮਲ ਸੀ, ਜੋ ਅੰਤ ਵਿੱਚ 48 ਘੰਟਿਆਂ ਦੇ ਇੱਕ 'ਸਾਂਝੇ ਪ੍ਰਮਾਣੀਕਰਨ ਅਭਿਆਸ' ਨਾਲ ਸਮਾਪਤ ਹੋਈ। ਇਸ ਦੌਰਾਨ ਵੱਖ-ਵੱਖ ਲੜਾਕੂ ਵਾਤਾਵਰਣਾਂ ਵਿੱਚ ਬਿਹਤਰ ਆਪਸੀ ਤਾਲਮੇਲ, ਰਣਨੀਤਕ ਸਹਿਯੋਗ ਅਤੇ ਲੜਾਈ ਲਈ ਪੂਰੀ ਤਿਆਰੀ ਦਾ ਪ੍ਰਦਰਸ਼ਨ ਕੀਤਾ ਗਿਆ।"ਇਹ ਸਾਂਝਾ ਫੌਜੀ ਅਭਿਆਸ 27 ਅਕਤੂਬਰ ਨੂੰ ਬਾਨਯੁਵਾਂਗੀ ਵਿਖੇ ਸ਼ੁਰੂ ਹੋਇਆ ਸੀ। ਭਾਰਤੀ ਦਸਤੇ ਵਿੱਚ ਪੈਰਾਸ਼ੂਟ ਰੈਜੀਮੈਂਟ (ਸਪੈਸ਼ਲ ਫੋਰਸਿਜ਼) ਦੇ ਜਵਾਨ ਸ਼ਾਮਲ ਸਨ, ਜਦੋਂ ਕਿ ਇੰਡੋਨੇਸ਼ੀਆਈ ਪੱਖ ਦੀ ਨੁਮਾਇੰਦਗੀ ਉੱਥੋਂ ਦੀਆਂ ਵਿਸ਼ੇਸ਼ ਬਲਾਂ ਦੇ ਜਵਾਨਾਂ ਦੁਆਰਾ ਕੀਤੀ ਗਈ ਸੀ।

ਚੀਨੀ ਔਰਤ ਨਾਲ ਅਫੇਅਰ ਦੇ ਵਿਵਾਦ ਵਿਚਕਾਰ Nvidia ਦੇ ਸੀਈਓ ਨੇ ਦਿੱਤਾ ਅਸਤੀਫ਼ਾ

ਬੀਜਿੰਗ
ਸਾਂਝੀ ਸੋਚ ਬਿਊਰੋ

ਦੁਨੀਆ ਦੀ ਪ੍ਰਮੁੱਖ ਏਆਈ ਚਿੱਪ ਨਿਰਮਾਤਾ ਕੰਪਨੀ Nvidia ਨੂੰ ਲੈ ਕੇ ਵੱਡੀ ਖ਼ਬਰ ਸਾਹਮਣੇ ਆਈ ਹੈ। ਕੰਪਨੀ ਦੇ ਸੀਈਓ ਜੇਨਸਨ ਹੁਆਂਗ ਵੱਲੋਂ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਗਿਆ ਹੈ। ਉਨ੍ਹਾਂ 'ਤੇ ਚੀਨੀ ਜਾਸੂਸੀ ਏਜੰਟ ਨਾਲ ਨੇੜਲੇ ਸਬੰਧ ਹੋਣ ਦੇ ਦੋਸ਼ ਲੱਗੇ ਹਨ। ਉਨ੍ਹਾਂ ਦੀ ਥਾਂ ਕੰਪਨੀ ਦੀ ਮੌਜੂਦਾ ਮੁੱਖ ਵਿੱਤੀ ਅਧਿਕਾਰੀ ਅਤੇ ਐਗਜ਼ੀਕਿਊਟਿਵ ਵਾਈਸ ਪ੍ਰੈਜ਼ੀਡੈਂਟ ਕੋਲੇਟ ਕ੍ਰੇਸ ਨੂੰ ਅੰਤਰਿਮ ਸੀਈਓ ਦੀ ਜ਼ਿੰਮੇਵਾਰੀ ਸੌਂਪੇ ਜਾਣ ਦੀ ਜਾਣਕਾਰੀ ਦਿੱਤੀ ਗਈ ਹੈ।

ਦੱਸਿਆ ਜਾ ਰਿਹਾ ਹੈ ਕਿ 29 ਅਕਤੂਬਰ ਨੂੰ ਪ੍ਰਕਾਸ਼ਿਤ 'ਦ ਨਿਊਯਾਰਕ ਟਾਈਮਜ਼' ਦੀ ਇੱਕ ਰਿਪੋਰਟ ਵਿੱਚ ਜੇਨਸਨ ਹੁਆਂਗ ਅਤੇ ਐਲਿਸ ਨਾਂ ਦੀ ਮਹਿਲਾ ਵਿਚਾਲੇ ਹੋਈਆਂ ਨਜ਼ਦੀਕੀ ਮੁਲਾਕਾਤਾਂ ਦਾ ਜ਼ਿਕਰ ਕੀਤਾ ਗਿਆ ਸੀ। ਰਿਪੋਰਟ ਅਨੁਸਾਰ, ਐਲਿਸ ਸਿੰਗਾਪੁਰ ਦੀ ਕੰਪਨੀ ਮੇਗਾਸਪੀਡ ਦੀ ਸਾਬਕਾ ਅਧਿਕਾਰੀ ਰਹਿ ਚੁੱਕੀ ਹੈ ਅਤੇ ਉਸ ਦੇ ਚੀਨ ਦੀ ਖੁਫੀਆ ਏਜੰਸੀ ਲਈ ਕੰਮ ਕਰਨ ਦੇ ਦਾਅਵੇ ਕੀਤੇ ਗਏ ਹਨ।

ਇਸ ਮਾਮਲੇ ਦੇ ਸਾਹਮਣੇ ਆਉਣ ਤੋਂ ਬਾਅਦ Nvidia ਦੀ ਮਾਰਕੀਟ ਵੈਲਿਊ ਵਿੱਚ ਕਰੀਬ 27 ਲੱਖ ਕਰੋੜ ਰੁਪਏ ਦੀ ਕਮੀ ਆਉਣ ਦਾ ਵੀ ਦਾਅਵਾ ਕੀਤਾ ਗਿਆ ਹੈ। ਕੰਪਨੀ ਦੀ ਅੰਤਰਿਮ ਸੀਈਓ ਬਣਾਈ ਗਈ ਕੋਲੇਟ ਕ੍ਰੇਸ 2013 ਤੋਂ Nvidia ਨਾਲ ਜੁੜੀ ਹੋਈ ਹੈ। ਉਹ ਹੁਣ ਤੱਕ ਕੰਪਨੀ ਵਿੱਚ ਮੁੱਖ ਵਿੱਤੀ ਅਧਿਕਾਰੀ ਵਜੋਂ ਕੰਮ ਕਰ ਰਹੀ ਸੀ। Nvidia ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਉਹ ਮਾਈਕ੍ਰੋਸਾਫਟ ਅਤੇ ਸਿਸਕੋ ਵਰਗੀਆਂ ਵੱਡੀਆਂ ਤਕਨੀਕੀ ਕੰਪਨੀਆਂ ਵਿੱਚ ਵੀ ਅਹਿਮ ਅਹੁਦਿਆਂ 'ਤੇ ਰਹਿ ਚੁੱਕੀ ਹੈ।



TAKE CONTROL OF YOUR HEALTH!

PRIVATE, AFFORDABLE, & CONVENIENT

8000+ TESTS

General Health, Food Allergy Testing, Paternity Testing, Hormone Testing, Diabetes Monitoring, STD Testing, & More!

NO INSURANCE? NO PROBLEM!

WALK-INS WELCOME



ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384

Address: 119. Maple AVe, Suite A Manteca, CA 95336

WHOLE HOME SOLAR & BATTERY
STARTING AT $25,000

For a standard 5kW Solar & 14kWh Battery system

Roof or main panel upgrades not included



Clear & Up-Front Pricing

High-Efficiency Components

Permits and Utility Approvals Included

Protect Existing NEM 2.0
(Via Non-Export Configuration)

CALL HARRY FOR A QUOTE | (925) 537-2732

Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building
Pricing & offer details vary by location & applicant.

Gillson
TRUCKING INC

NOW HIRING
TRUCK DRIVERS
CLASS A CDL



- Signing Bonus
- Top pay
- Mileage Pay
- Great Benefits
- Over the Road or Local Routes
- Reefers and Dry Van Operations
- No touch freight



SKILLS
- Responsible truck driver.
- Experience with electronic equipment.
- Ability to travel regularly.
- Adaptivity and foresight to handle unexpected situations (traffic, weather conditions and roads, etc.)

RESPONSIBILITIES
- Safely operating assigned vehicles.
- The Vehicles are maintained and serviced as needed.
- Report any vehicle defects for repair.
- Make safety a priority at all times.
- Comply with standard federal laws and with company. policies and procedures.

PAY
- Average pay: $0.45-$0.60 cents/mile
- Weekly direct deposits
- Bonuses for clean inspections
- High mileage bonuses

NEWER EQUIPMENT

FREIGHTLINER AND VOLVO 2020 AND PRESENT
RESET PAY AWAY FROM TERMINALS- STOCKTON,. CA AND DAYTON, OHIO

Flexible Home Time
Pet Friendly
Rider Policy

SCAN QR CODE FOR
APPLY NOW

HEALTH BENEFITS
Health
Dental
Vision

1801 E Dr. Martin Luther King Jr. Blvd.
Stockton, CA 95205

925-400-9094 ext. 116, ext. 130 and ext. 144

info@teamgillson.com



GET IN TOUCH gillsontrucking company/gillsontrucking www.teamgillson.com

ਕੀ ਕਾਂਗਰਸ ਟਰੰਪ ਨੂੰ ਤੀਜੀ ਵਾਰ ਮਹਾਦੋਸ਼ੀ ਕਰਾਰ ਦੇਵੇਗੀ?

ਸਾਂਝੀ ਸੋਚ
Surjit Singh Flora
6 Havelock Drive
Brampton, Canada
647-829-9397



ਡੋਨਾਲਡ ਟਰੰਪ ਅਮਰੀਕਾ ਦੇ ਇਕਲੌਤੇ ਰਾਸ਼ਟਰਪਤੀ ਹਨ ਜਿਨ੍ਹਾਂ ਤੇ ਦੋ ਵਾਰ ਮਹਾਦੋਸ਼ ਲਾਇਆ ਗਿਆ। ਦੋਵੇਂ ਵਾਰ ਸੈਨੇਟ ਨੇ ਉਨ੍ਹਾਂ ਨੂੰ ਬਰੀ ਕਰ ਦਿੱਤਾ। ਹੁਣ, ਜਦ ਡੈਮੋਕ੍ਰੈਟਸ ਕਾਂਗਰਸ ਦੇ ਦੋਵਾਂ ਸਦਨਾਂ ਨੂੰ ਜਿੱਤ ਕੇ ਆਪਣਾ ਕਬਜ਼ਾ ਕਰ ਚੁੱਕੇ ਹਨ ਤਾਂ ਤੀਜੇ ਮਹਾਦੋਸ਼ ਦੀ ਸੰਭਾਵਨਾ ਬਾਰੇ ਸਵਾਲ ਉੱਠ ਰਿਹਾ ਹੈ ਅਤੇ ਰਾਸ਼ਟਰਪਤੀ ਨੂੰ ਅਹੁਦੇ ਤੋਂ ਹਟਾਉਣ ਲਈ ਕਿਆਸਰਾਈਆ ਦੀ ਗੱਲਬਾਤ ਚੱਲ ਰਹੀ ਹੈ

ਮਹਾਦੋਸ਼ ਦੀ ਪ੍ਰਕਿਰਿਆ ਦੋ ਪੜਾਵਾਂ ਵਿੱਚ ਚੱਲਦੀ ਹੈ। ਪਹਿਲਾਂ, ਪ੍ਰਤੀਨਿਧੀ ਸਭਾ ਕਿਸੇ ਅਧਿਕਾਰੀ ਖ਼ਿਲਾਫ਼ ਦੋਸ਼ਾਂ ਵਾਲੇ ਲੇਖਾਂ ਨੂੰ ਸਧਾਰਨ ਬਹੁਮਤ ਨਾਲ ਮਨਜ਼ੂਰ ਕਰ ਸਕਦੀ ਹੈ। ਇਸ ਨਾਲ ਅਧਿਕਾਰੀ ਉੱਤੇ ਮਹਾਦੋਸ਼ ਲੱਗਦਾ ਹੈ, ਪਰ ਉਹ ਅਹੁਦੇ ਤੋਂ ਨਹੀਂ ਹਟਦਾ ਅਤੇ ਨਾ ਹੀ ਉਸ ਨੂੰ ਕਿਸੇ ਅਪਰਾਧ ਦਾ ਦੋਸ਼ੀ ਠਹਿਰਾਇਆ ਜਾਂਦਾ ਹੈ। ਉਸ ਲਈ ਸੈਨੇਟ ਵਿੱਚ ਮੁਕੱਦਮਾ ਹੁੰਦਾ ਹੈ। ਜੇ ਰਾਸ਼ਟਰਪਤੀ ਉੱਤੇ ਮੁਕੱਦਮਾ ਹੋਵੇ, ਤਾਂ ਸੁਪਰੀਮ ਕੋਰਟ ਦੇ ਮੁੱਖ ਜੱਜ ਦੀ ਪ੍ਰਧਾਨਗੀ ਹੇਠ ਸੁਣਵਾਈ ਹੁੰਦੀ ਹੈ।

ਸੈਨੇਟ ਵਿੱਚ ਦੋਸ਼ ਸਾਬਤ ਕਰਨ ਲਈ ਹਾਜ਼ਰ ਮੈਂਬਰਾਂ ਦੇ ਦੋ-ਤਿਹਾਈ ਵੋਟ ਚਾਹੀਦੇ ਹਨ। ਜੇ ਸਾਰੇ 100 ਸੈਨੇਟਰ ਹਾਜ਼ਰ ਹੋਣ, ਤਾਂ 67 ਵੋਟਾਂ ਲੋੜੀਂਦੀਆਂ ਹਨ। ਸਜ਼ਾ ਵਜੋਂ ਅਧਿਕਾਰੀ ਨੂੰ ਅਹੁਦੇ ਤੋਂ ਹਟਾਇਆ ਜਾਂਦਾ ਹੈ; ਸੈਨੇਟ ਵੱਖਰੇ ਵੋਟ ਨਾਲ ਉਸ ਨੂੰ ਭਵਿੱਖ ਵਿੱਚ ਸੰਘੀ ਅਹੁਦਾ ਸੰਭਾਲਣ ਤੋਂ ਵੀ ਰੋਕ ਸਕਦੀ ਹੈ।

ਪਹਿਲੇ ਦੋ ਮਹਾਦੋਸ਼ਾਂ ਤੋਂ ਕੀ ਪਤਾ ਲੱਗਦਾ ਹੈ

ਪ੍ਰਤੀਨਿਧੀ ਸਭਾ ਨੇ ਦਸੰਬਰ 2019 ਵਿੱਚ ਟਰੰਪ ਉੱਤੇ ਸੱਤਾ ਦੀ ਦੁਰਵਰਤੋਂ ਅਤੇ ਕਾਂਗਰਸ ਦੇ ਕੰਮ ਵਿੱਚ ਰੁਕਾਵਟ ਪਾਉਣ ਦੇ ਦੋਸ਼ ਲਾ ਕੇ ਮਹਾਦੋਸ਼ੀ ਸਾਬਿਤ ਕੀਤਾ ਸੀ। ਮਾਮਲਾ ਯੂਕਰੇਨ ਨਾਲ ਉਨ੍ਹਾਂ ਦੇ ਸੰਪਰਕਾਂ ਅਤੇ ਜਾਂਚ ਵਿੱਚ ਸਹਿਯੋਗ ਨਾ ਦੇਣ ਨਾਲ ਜੁੜਿਆ ਸੀ। ਫਰਵਰੀ 2020 ਵਿੱਚ ਸੈਨੇਟ ਨੇ ਦੋਵਾਂ ਦੋਸ਼ਾਂ ਉੱਤੇ ਉਨ੍ਹਾਂ ਨੂੰ ਬਰੀ ਕਰ ਦਿੱਤਾ।

ਜਨਵਰੀ 2021 ਵਿੱਚ ਪ੍ਰਤੀਨਿਧੀ ਸਭਾ ਨੇ ਕੈਪੀਟਲ ਉੱਤੇ 6 ਜਨਵਰੀ ਦੇ ਹਮਲੇ ਤੋਂ ਬਾਅਦ ਬਗਾਵਤ ਭੜਕਾਉਣ ਦੇ ਦੋਸ਼ ਵਿੱਚ ਦੂਜਾ ਮਹਾਦੋਸ਼ ਲਾਇਆ। ਸੈਨੇਟ ਵਿੱਚ 57 ਮੈਂਬਰਾਂ ਨੇ ਦੋਸ਼ੀ ਕਰਾਰ ਦੇਣ ਲਈ ਵੋਟ ਪਾਈ, ਜਿਨ੍ਹਾਂ ਵਿੱਚ ਸੱਤ ਰਿਪਬਲਿਕਨ ਸਨ। ਫਿਰ ਵੀ ਦੋ-ਤਿਹਾਈ ਬਹੁਮਤ ਨਾ ਬਣਿਆ ਅਤੇ ਟਰੰਪ ਮੁੜ ਬਰੀ ਹੋ ਗਏ।

ਇਹ ਵੋਟਾਂ ਦੱਸਦੀਆਂ ਹਨ ਕਿ ਸਦਨ ਵਿੱਚ ਮਹਾਦੋਸ਼ ਪਾਸ ਕਰਨਾ ਅਤੇ ਸੈਨੇਟ ਵਿੱਚ ਰਾਸ਼ਟਰਪਤੀ ਨੂੰ ਹਟਾਉਣਾ ਵੱਖਰੀਆਂ ਸਿਆਸੀ ਚੁਣੌਤੀਆਂ ਹਨ। ਪਿਛਲੇ ਨਤੀਜੇ ਭਵਿੱਖ ਦੇ ਕਿਸੇ ਮਾਮਲੇ ਦਾ ਫ਼ੈਸਲਾ ਨਹੀਂ ਕਰਦੇ। ਤੀਜੀ ਕਾਰਵਾਈ ਲਈ ਨਵੇਂ ਦੋਸ਼ਾਂ ਅਤੇ ਉਨ੍ਹਾਂ ਦੇ ਸਮਰਥਨ ਵਿੱਚ ਸਬੂਤ ਚਾਹਿੰਦੇ ਹਨ।

ਜੇ ਸੈਨੇਟ ਵਿੱਚ ਡੈਮੋਕ੍ਰੈਟਸ ਕੋਲ 54 ਸੀਟਾਂ ਹੋਣ, ਤਾਂ ਸਾਰੇ ਮੈਂਬਰਾਂ ਦੀ ਹਾਜ਼ਰੀ ਵਿੱਚ ਦੋਸ਼ ਸਾਬਤ ਕਰਨ ਲਈ ਉਨ੍ਹਾਂ ਨੂੰ ਘੱਟੋ-ਘੱਟ 13 ਰਿਪਬਲਿਕਨ ਵੋਟਾਂ ਦੀ ਲੋੜ ਪਵੇਗੀ, ਇਹ ਮੰਨਦਿਆਂ ਕਿ ਸਾਰੇ ਡੈਮੋਕ੍ਰੈਟਸ ਹੱਕ ਵਿੱਚ ਵੋਟ ਪਾਉਣ। ਇਹ ਗਿਣਤੀ ਦਿਖਾਉਂਦੀ ਹੈ ਕਿ ਸੈਨੇਟ ਵਿੱਚ ਪਾਰਟੀ ਦੀ ਬਹੁਮਤ ਵੀ ਰਾਸ਼ਟਰਪਤੀ ਨੂੰ ਹਟਾਉਣ ਦੀ ਗਾਰੰਟੀ ਨਹੀਂ ਦਿੰਦੀ।

ਜਾਂਚ ਅਤੇ ਮਹਾਦੋਸ਼ ਇੱਕੋ ਗੱਲ ਨਹੀਂ

ਕਾਂਗਰਸ ਦੀਆਂ ਕਮੇਟੀਆਂ ਪ੍ਰਸ਼ਾਸਨ ਦੇ ਫ਼ੈਸਲਿਆਂ ਦੀ ਜਾਂਚ ਕਰ ਸਕਦੀਆਂ ਹਨ, ਦਸਤਾਵੇਜ਼ ਮੰਗ ਸਕਦੀਆਂ ਹਨ ਅਤੇ ਅਧਿਕਾਰੀਆਂ ਨੂੰ ਗਵਾਹੀ ਲਈ ਬੁਲਾ ਸਕਦੀਆਂ ਹਨ। ਜੇ ਸਵੈ-ਇੱਛਾ ਨਾਲ ਜਾਣਕਾਰੀ ਨਾ ਮਿਲੇ, ਤਾਂ ਕਮੇਟੀਆਂ ਆਪਣੇ ਨਿਯਮਾਂ ਹੇਠ ਸੰਮਨ ਜਾਰੀ ਕਰ ਸਕਦੀਆਂ ਹਨ। ਪ੍ਰਸ਼ਾਸਨ ਦਸਤਾਵੇਜ਼ ਦੇਣ ਤੋਂ ਇਨਕਾਰ ਕਰ ਸਕਦਾ ਹੈ ਜਾਂ ਕਾਨੂੰਨੀ ਵਿਸ਼ੇਸ਼ ਅਧਿਕਾਰ ਦਾ ਹਵਾਲਾ ਦੇ ਸਕਦਾ ਹੈ। ਅਜਿਹੇ ਵਿਵਾਦ ਅਦਾਲਤਾਂ ਤੱਕ ਪਹੁੰਚ ਸਕਦੇ ਹਨ ਅਤੇ ਜਾਂਚ ਨੂੰ ਲੰਮਾ ਖਿੱਚ ਸਕਦੇ ਹਨ।

ਕਮੇਟੀਆਂ ਟਰੰਪ ਦੇ ਕਾਰੋਬਾਰੀ ਹਿੱਤਾਂ, ਸਰਕਾਰੀ ਕੰਪਨੀਆਂ ਨਾਲ ਸੰਬੰਧਾਂ, ਇਮੀਗ੍ਰੇਸ਼ਨ ਲਾਗੂ ਕਰਨ ਅਤੇ ਪੈਂਟਾਗਨ ਦੇ ਪ੍ਰਬੰਧਨ ਵਰਗੇ ਵਿਸ਼ਿਆਂ ਦੀ ਜਾਂਚ ਕਰ ਸਕਦੀਆਂ ਹਨ। ਪਰ ਕਿਸੇ ਵਿਸ਼ੇ ਨੂੰ ਜਾਂਚ ਲਈ ਚੁਣਨਾ ਆਪਣੇ ਆਪ ਵਿੱਚ ਗ਼ਲਤ ਕੰਮ ਦਾ ਸਬੂਤ ਨਹੀਂ। ਹਰ ਜਾਂਚ ਨੂੰ ਖ਼ਾਸ ਦੋਸ਼ਾਂ, ਦਸਤਾਵੇਜ਼ਾਂ ਅਤੇ ਗਵਾਹੀਆਂ ਉੱਤੇ ਧਿਆਨ ਦੇਣਾ ਪਵੇਗਾ।

ਜਾਂਚ ਤੋਂ ਕਾਨੂੰਨ ਵਿੱਚ ਤਬਦੀਲੀ, ਪ੍ਰਸ਼ਾਸਕੀ ਸੁਧਾਰ ਜਾਂ ਜਨਤਕ ਰਿਕਾਰਡ ਤਿਆਰ ਹੋ ਸਕਦਾ ਹੈ, ਭਾਵੇਂ ਮਹਾਦੋਸ਼ ਦੇ ਲੇਖ ਪੇਸ਼ ਨਾ ਕੀਤੇ ਜਾਣ। ਇਸ ਲਈ ਡੈਮੋਕ੍ਰੈਟਸ ਪ੍ਰਸ਼ਾਸਨ ਦੀ ਨਿਗਰਾਨੀ ਕਰਦੇ ਹੋਏ ਵੀ ਤੁਰੰਤ ਮਹਾਦੋਸ਼ ਵੱਲ ਨਾ ਜਾਣ ਦਾ ਫ਼ੈਸਲਾ ਕਰ ਸਕਦੇ ਹਨ। ਪਰ ਜੇ ਸਬੂਤ ਗੰਭੀਰ ਦੁਰਵਰਤੋਂ ਦਿਖਾਉਣ, ਤਾਂ ਸਿਰਫ਼ ਜਾਂਚ ਕਰਕੇ ਰੁਕ ਜਾਣਾ ਵੀ ਸਿਆਸੀ ਚੋਣ ਹੋਵੇਗੀ।

ਮਹਾਦੋਸ਼ ਕਾਂਗਰਸ ਦੀ ਸੰਵਿਧਾਨਕ ਕਾਰਵਾਈ ਹੈ। ਇਸ ਨਾਲ ਕਿਸੇ ਨੂੰ ਜੇਲ੍ਹ ਨਹੀਂ ਭੇਜਿਆ ਜਾ ਸਕਦਾ। ਅਪਰਾਧਿਕ ਕੇਸ ਵੱਖਰੀ ਕਾਨੂੰਨੀ ਪ੍ਰਕਿਰਿਆ ਰਾਹੀਂ ਚੱਲਦੇ ਹਨ। ਸੰਘੀ ਜੁਰਮਾਂ ਦੀ ਪੈਰਵੀ ਨਿਆਂ ਵਿਭਾਗ ਕਰਦਾ ਹੈ, ਜਦਕਿ ਰਾਜੀ ਜੁਰਮਾਂ ਦੇ ਕੇਸ ਰਾਜ ਦੇ ਵਕੀਲ ਚਲਾਉਂਦੇ ਹਨ।

ਇਸੇ ਤਰ੍ਹਾਂ, ਸੈਨੇਟ ਵੱਲੋਂ ਬਰੀ ਕੀਤਾ ਜਾਣਾ ਆਪਣੇ ਆਪ ਇਹ ਫ਼ੈਸਲਾ ਨਹੀਂ ਕਰਦਾ ਕਿ ਕਿਸੇ ਵਿਅਕਤੀ ਨੇ ਅਪਰਾਧ ਕੀਤਾ ਜਾਂ ਨਹੀਂ। ਮਹਾਦੋਸ਼ ਅਤੇ ਅਪਰਾਧਿਕ ਕਾਰਵਾਈ ਦੇ ਸਬੂਤ ਜਾਂ ਨਤੀਜੇ ਇੱਕੋ ਜਿਹੇ ਹੋਣ ਲਾਜ਼ਮੀ ਨਹੀਂ।

ਰੱਖਿਆ ਮੰਤਰੀ ਪੀਟ ਹੇਗਸੇਥ ਖ਼ਿਲਾਫ਼ ਮਹਾਦੋਸ਼ ਦੀ ਕੋਸ਼ਿਸ਼ ਬਾਰੇ ਵੀ ਗੱਲ ਹੋਈ ਹੈ।

ਕੈਬਨਿਟ ਮੰਤਰੀ ਸੰਘੀ ਅਧਿਕਾਰੀਆਂ ਵਿੱਚ ਸ਼ਾਮਲ ਹਨ ਜਿਨ੍ਹਾਂ ਉੱਤੇ ਮਹਾਦੋਸ਼ ਲੱਗ ਸਕਦਾ ਹੈ। ਪਰ ਉਨ੍ਹਾਂ ਖ਼ਿਲਾਫ਼ ਕੋਈ ਵੀ ਕਾਰਵਾਈ ਵੱਖਰੇ ਸਬੂਤਾਂ ਅਤੇ ਦੋਸ਼ਾਂ ਉੱਤੇ ਨਿਰਭਰ ਹੋਵੇਗੀ। ਪੈਂਟਾਗਨ ਜਾਂ ਪ੍ਰਸ਼ਾਸਨ ਬਾਰੇ ਆਮ ਚਿੰਤਾਵਾਂ ਆਪਣੇ ਆਪ ਹੇਗਸੇਥ ਦੇ ਖ਼ਿਲਾਫ਼ ਦੋਸ਼ ਸਾਬਤ ਨਹੀਂ ਕਰਦੀਆਂ।

ਉਨ੍ਹਾਂ ਦੇ ਮਾਮਲੇ ਦੀ ਜਾਂਚ ਇਹ ਵੀ ਦਿਖਾ ਸਕਦੀ ਹੈ ਕਿ ਡੈਮੋਕ੍ਰੈਟਿਕ ਆਗੂ ਨਿਗਰਾਨੀ ਦੀਆਂ ਸ਼ਕਤੀਆਂ ਕਿਵੇਂ ਵਰਤਣਾ ਚਾਹੁੰਦੇ ਹਨ।

ਦਸਤਾਵੇਜ਼ਾਂ ਅਤੇ ਗਵਾਹੀਆਂ ਨਾਲ ਬਣਿਆ ਰਿਕਾਰਡ ਕਿਸੇ ਪੱਖਪਾਤੀ ਦਾਅਵੇ ਨਾਲੋਂ ਵੱਧ ਭਰੋਸੇਯੋਗ ਹੋਵੇਗਾ। ਪਰ ਕੈਬਨਿਟ ਮੰਤਰੀ ਦੀ ਕਾਰਵਾਈ ਵੀ ਕਮੇਟੀਆਂ ਦਾ ਸਮਾਂ ਲਵੇਗੀ, ਜੋ ਮਹਿੰਗਾਈ, ਸਿਹਤ-ਸੰਭਾਲ ਜਾਂ ਰੁਜ਼ਗਾਰ ਨਾਲ ਜੁੜੇ ਕੰਮਾਂ ਲਈ ਵਰਤਿਆ ਜਾ ਸਕਦਾ ਹੈ।

ਮਹਾਦੋਸ਼ ਦੇ ਹਮਾਇਤੀ ਕਹਿੰਦੇ ਹਨ ਕਿ ਜੇ ਗੰਭੀਰ ਸੱਤਾ-ਦੁਰਵਰਤੋਂ ਜਾਂ ਸੰਵਿਧਾਨ ਦੀ ਉਲੰਘਣਾ ਦੇ ਸਬੂਤ ਹੋਣ, ਤਾਂ ਕਾਂਗਰਸ ਨੂੰ ਕਾਰਵਾਈ ਕਰਨੀ ਚਾਹੀਦੀ ਹੈ। ਸੈਨੇਟ ਵਿੱਚ ਜਿੱਤ ਦੀ ਸੰਭਾਵਨਾ ਘੱਟ ਹੋਣ ਨਾਲ ਜਾਂਚ ਰੋਕਣੀ ਨਹੀਂ ਚਾਹੀਦੀ। ਜਨਤਕ ਸੁਣਵਾਈਆਂ ਗਵਾਹੀਆਂ ਅਤੇ ਦਸਤਾਵੇਜ਼ ਸਾਹਮਣੇ ਲਿਆ ਸਕਦੀਆਂ ਹਨ।

ਦੂਜੇ ਪਾਸੇ, ਜੇ ਜਾਂਚ ਤੋਂ ਪਹਿਲਾਂ ਹੀ ਮਹਾਦੋਸ਼ ਦੀ ਕਾਰਵਾਈ ਸ਼ੁਰੂ ਹੋਵੇ, ਤਾਂ ਟਰੰਪ ਅਤੇ ਉਨ੍ਹਾਂ ਦੇ ਹਮਾਇਤੀ ਇਸ ਨੂੰ ਸਿਆਸੀ ਬਦਲਾ ਕਹਿਣਗੇ। ਕਾਂਗਰਸ ਦੇ ਮੈਂਬਰਾਂ ਨੂੰ ਉਹ ਦਾਅਵੇ ਸਬੂਤਾਂ ਦੇ ਆਧਾਰ ਉੱਤੇ ਪਰਖਣੇ ਪੈਣਗੇ। ਨਾਲ ਹੀ, ਰਾਸ਼ਟਰਪਤੀ ਖ਼ਿਲਾਫ਼ ਕਾਰਵਾਈ ਕਮੇਟੀਆਂ, ਪਾਰਟੀ ਆਗੂਆਂ ਅਤੇ ਜਨਤਕ ਧਿਆਨ ਦਾ ਵੱਡਾ ਹਿੱਸਾ ਲਵੇਗੀ। ਜਿਹੜੇ ਵੋਟਰ ਮਹਿੰਗਾਈ ਅਤੇ ਸਿਹਤ-ਸੰਭਾਲ ਬਾਰੇ ਨਤੀਜੇ ਚਾਹੁੰਦੇ ਹਨ, ਉਹ ਬਹੁਮਤ ਦੀਆਂ ਤਰਜੀਹਾਂ ਨੂੰ ਉਸੇ ਕਸੌਟੀ ਉੱਤੇ ਵੀ ਤੋਲਣਗੇ।

ਨਵੇਂ ਕਾਂਗਰਸੀ ਸੈਸ਼ਨ ਵਿੱਚ ਕਮੇਟੀਆਂ ਦੇ ਚੁਣੇ ਵਿਸ਼ੇ, ਦਸਤਾਵੇਜ਼ਾਂ ਦੀਆਂ ਮੰਗਾਂ ਅਤੇ ਗਵਾਹਾਂ ਨੂੰ ਬੁਲਾਉਣ ਦੇ ਫ਼ੈਸਲੇ ਦੱਸਣਗੇ ਕਿ ਜਾਂਚ ਕਿੰਨੀ ਅੱਗੇ ਵਧਦੀ ਹੈ। ਡੈਮੋਕ੍ਰੈਟਿਕ ਆਗੂਆਂ ਦੇ ਬਿਆਨਾਂ ਤੋਂ ਵੀ ਪਤਾ ਲੱਗੇਗਾ ਕਿ ਉਹ ਨਿਗਰਾਨੀ ਚਾਹੁੰਦੇ ਹਨ ਜਾਂ ਰਸਮੀ ਮਹਾਦੋਸ਼ ਜਾਂਚ। ਪਰ ਅਖ਼ੀਰ ਵਿੱਚ ਫ਼ੈਸਲਾ ਸਬੂਤਾਂ ਅਤੇ ਕਾਂਗਰਸ ਦੇ ਵੋਟਾਂ ਉੱਤੇ ਹੋਵੇਗਾ।

ਡੈਮੋਕ੍ਰੈਟਸ ਬਹੁਮਤ ਨਾਲ ਮਹਾਦੋਸ਼ ਦੇ ਲੇਖ ਪਾਸ ਕਰ ਸਕਦੇ ਹਨ, ਪਰ ਸੈਨੇਟ ਵਿੱਚ ਟਰੰਪ ਨੂੰ ਹਟਾਉਣ ਲਈ ਦੋਵਾਂ ਪਾਰਟੀਆਂ ਦੇ ਮੈਂਬਰਾਂ ਦਾ ਸਮਰਥਨ ਲੋੜੀਂਦਾ ਹੋਵੇਗਾ। ਇਸ ਲਈ ਤੀਜੇ ਮਹਾਦੋਸ਼ ਦਾ ਸਵਾਲ ਸਿਰਫ਼ ਇਹ ਨਹੀਂ ਕਿ ਕਾਂਗਰਸ ਕੋਲ ਵੋਟਾਂ ਹਨ ਜਾਂ ਨਹੀਂ। ਅਸਲ ਕਸੌਟੀ ਇਹ ਹੋਵੇਗੀ ਕਿ ਕੀ ਜਾਂਚ ਅਜਿਹੇ ਸਬੂਤ ਸਾਹਮਣੇ ਲਿਆਉਂਦੀ ਹੈ ਜੋ ਰਾਜਨੀਤਿਕ ਖ਼ਰਚ ਅਤੇ ਸੰਵਿਧਾਨਕ ਜ਼ਿੰਮੇਵਾਰੀ ਦੋਵਾਂ ਨੂੰ ਜਾਇਜ਼ ਠਹਿਰਾਉਣ।



SERVPRO
OF TRACY
Cleaning. Restoration. Construction.

ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ

ਅਸੀਂ Insurance Companies ਦੇ National Account 'ਤੇ ਹਾਂ

ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ

Before

After

- ਪਾਣੀ ਨਾਲ ਨੁਕਸਾਨ ਦੀ ਮੁਰੰਮਤ
- ਕਾਰਪੇਟ ਅਤੇ ਫਰਨੀਚਰ ਸੁਕਾਉਣਾ
- ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
- Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ

Before

After

ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ

2275 N Mac Arthur Dr Tracy, CA 95376

CONTACT FOR MORE INFORMATION

DEEPINDER MAHAL
President

Office (209) 834-0200
Cell (408) 963-7702

Pal Films Production

All Your Photo/Videography & Post Production needs Under One Roof







Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....



(925) 489-3400, (341) 356-1517

palfilms925@gmail.com www.thepalfilms.com

ATWAL
IMMIGRATION SERVICES

ATWAL
TAX & IMMIGRATION
— SERVICES —

- FAMILY PETITIONS
- NATURALIZATION (US CITIZENSHIP)
- GREEN CARD RENEW
- WORK PERMIT RENEW
- AFFIDAVIT OF SUPPORT
- INDIAN AND US PASSPORT RENEW
- INDIAN VISA
- OCI
- E-VISA
- INDIAN PASSPORT SURRENDER



ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ



TONY
ATWAL

ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com

ਜਾਂ ਫ਼ਿਰ ਸਾਡੀ WEBSITE
www.atwaltaximmigrationservices.com

ADDRESS 1
119 N Maple Ave, Ste B,Manteca, CA,95336 Manteca
(209) 505-6384

ADDRESS 2
2800 Mitchell Rd,Ste.W,Ceres ,CA 95307, Ceres
(209) 568-9682

ਹਨੇਰੇ ਦੀਆਂ ਕੰਧਾਂ: ਸੜਕਾਂ 'ਤੇ ਕਾਲ ਬਣ ਕੇ ਦੌੜਦੇ ਪਰਾਲੀ ਦੇ ਟਰਾਲੇ ਤੇ ਬੇਸਹਾਰਾ ਪਸ਼ੂ



ਕੁਲਬੀਰ ਸ਼ਰਮਾ
ਪਿੰਡ ਅਤੇ ਡਾਕ: ਝਬੇਲਵਾਲੀ
ਸ੍ਰੀ ਮੁਕਤਸਰ ਸਾਹਿਬ, ਪੰਜਾਬ
8427212104

ਸੂਰਜ ਢਲਦਿਆਂ ਹੀ ਜਿਵੇਂ-ਜਿਵੇਂ ਧੁੰਏਂ ਅਤੇ ਧੁੰਦ ਦੀ ਹਲਕੀ ਚਾਦਰ ਪੰਜਾਬ ਦੀਆਂ ਸੜਕਾਂ ਨੂੰ ਆਪਣੀ ਲਪੇਟ ਵਿੱਚ ਲੈਂਦੀ ਹੈ, ਤਿਵੇਂ-ਤਿਵੇਂ ਰਾਹਗੀਰਾਂ ਦੇ ਸਾਹ ਸੂਤੇ ਜਾਂਦੇ ਹਨ। ਇਨ੍ਹਾਂ ਦਿਨਾਂ ਵਿੱਚ ਸ਼ਾਮ ਵੇਲੇ ਸੜਕਾਂ 'ਤੇ ਨਿਕਲਣਾ ਕਿਸੇ ਜੋਖ਼ਮ ਭਰੇ ਸਫ਼ਰ ਤੋਂ ਘੱਟ ਨਹੀਂ ਰਿਹਾ। ਹਨੇਰੇ ਦੀ ਗੋਦ ਵਿੱਚ ਪਰਾਲੀ ਦੀਆਂ ਗੱਠਾਂ ਨਾਲ ਲੱਦੇ ਵਿਸ਼ਾਲ ਟਰਾਲੇ ਪੂਰੀ ਸੜਕ ਘੇਰ ਕੇ ਤੁਰੇ ਜਾਂਦੇ ਹਨ। ਨਾ ਇਨ੍ਹਾਂ ਦੇ ਪਿੱਛੇ ਕੋਈ ਲਾਈਟ ਜਗਦੀ ਹੈ ਤੇ ਨਾ ਹੀ ਕੋਈ ਚਮਕਦਾਰ ਨਿਸ਼ਾਨ ਲੱਗਿਆ ਹੁੰਦਾ ਹੈ। ਇਹ ਟਰਾਲੇ ਇੰਨੇ ਚੌੜੇ ਹੁੰਦੇ ਹਨ ਕਿ ਪਿੱਛੇ ਆ ਰਹੇ ਵਾਹਨਾਂ ਨੂੰ ਅੱਗੇ ਲੰਘਣ ਲਈ ਰਸਤਾ ਤਾਂ ਕੀ ਮਿਲਣਾ ਹੁੰਦਾ ਹੈ, ਸਾਹਮਣੇ ਤੋਂ ਆਉਂਦੀ ਕੋਈ ਗੱਡੀ ਤੱਕ ਨਜ਼ਰ ਨਹੀਂ ਆਉਂਦੀ। ਇਹ ਅੱਜ ਪੰਜਾਬ ਦੀ ਲਗਭਗ ਹਰ ਸੜਕ ਦਾ ਸੱਚ ਬਣ ਚੁੱਕਾ ਹੈ।

ਝੋਨੇ ਦੀ ਵਾਢੀ ਤੋਂ ਬਾਅਦ ਪਰਾਲੀ ਦੀ ਸਾਂਭ-ਸੰਭਾਲ ਨੂੰ ਲੈ ਕੇ ਸਰਕਾਰੀ ਦਾਅਵੇ ਤਾਂ ਬੜੇ ਵੱਡੇ ਕੀਤੇ ਜਾਂਦੇ ਹਨ, ਪਰ ਇਸ ਮੁਹਿੰਮ ਦੇ ਪਰਦੇ ਪਿੱਛੇ ਸੜਕਾਂ 'ਤੇ ਪੈਦਾ ਹੋ ਰਹੇ ਖ਼ਤਰਿਆਂ ਵੱਲ ਕਿਸੇ ਦਾ ਧਿਆਨ ਨਹੀਂ ਜਾਂਦਾ। ਖੇਤਾਂ ਵਿੱਚੋਂ ਗੱਠਾਂ ਬੰਨ੍ਹ ਕੇ ਫੈਕਟਰੀਆਂ ਅਤੇ ਡੰਪਾਂ ਤੱਕ ਪਹੁੰਚਾਉਣ ਵਾਲੇ ਇਹ 'ਭੂੰਗ ਟਰਾਲੇ' ਸੜਕੀ ਨਿਯਮਾਂ ਦੀਆਂ ਸ਼ਰੇਆਮ ਧੱਜੀਆਂ ਉਡਾ ਰਹੇ ਹਨ। ਵੱਧ ਮੁਨਾਫ਼ੇ ਅਤੇ ਘੱਟ ਗੇੜਿਆਂ ਦੇ ਲਾਲਚ ਵਿੱਚ ਟਰਾਲੇ ਦੀ ਅਸਲ ਚੌੜਾਈ ਅਤੇ ਉਚਾਈ ਤੋਂ ਕਿਤੇ ਵੱਧ ਮਾਲ ਲੱਦਿਆ ਜਾਂਦਾ ਹੈ। ਕਈ ਵਾਰ ਇਹ ਗੱਠਾਂ ਟਰਾਲੇ ਦੇ ਪਾਸਿਆਂ ਤੋਂ ਇੰਨੀਆਂ ਬਾਹਰ ਨਿਕਲੀਆਂ ਹੁੰਦੀਆਂ ਹਨ ਕਿ ਦੋ-ਮਾਰਗੀ ਸੜਕ ਦਾ ਵੱਡਾ ਹਿੱਸਾ ਇਨ੍ਹਾਂ ਦੇ ਕਬਜ਼ੇ ਹੇਠ ਆ ਜਾਂਦਾ ਹੈ। ਅਜਿਹੇ ਵਿੱਚ ਪਿੱਛੇ ਆਉਣ ਵਾਲੇ ਕਾਰ ਜਾਂ ਮੋਟਰਸਾਈਕਲ ਚਾਲਕ ਕੋਲ ਅੰਦਾਜ਼ਾ ਲਗਾਉਣ ਤੋਂ ਇਲਾਵਾ ਕੋਈ ਚਾਰਾ ਨਹੀਂ ਬਚਦਾ ਕਿ ਟਰਾਲਾ ਕਿਸ ਪਾਸੇ ਮੁੜੇਗਾ ਜਾਂ ਰੁਕੇਗਾ।

ਫੈਕਟਰੀਆਂ ਅਤੇ ਡੰਪਾਂ ਉੱਤੇ ਦਿਨ ਵੇਲੇ ਲੱਗਣ ਵਾਲੀਆਂ ਲੰਬੀਆਂ ਕਤਾਰਾਂ ਅਤੇ ਭੀੜ ਤੋਂ ਬਚਣ ਲਈ ਇਨ੍ਹਾਂ ਟਰਾਲਿਆਂ ਦੇ ਚਾਲਕ ਅਕਸਰ ਰਾਤ ਦਾ ਸਮਾਂ ਚੁਣਦੇ ਹਨ। ਹਨੇਰੇ ਦੀ ਆੜ ਵਿੱਚ ਇਹ ਟਰਾਲੇ ਸੜਕਾਂ 'ਤੇ ਨਿਕਲ ਪੈਂਦੇ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਲੱਖਾਂ ਰੁਪਏ ਦੀ ਮਸ਼ੀਨਰੀ ਅਤੇ ਟਰਾਲੇ ਤਿਆਰ ਕਰਵਾਉਣ ਵਾਲੇ ਮਾਲਕ ਪਿੱਛੇ ਦੋ-ਚਾਰ ਸੌ ਰੁਪਏ ਦੇ ਰਿਫਲੈਕਟਰ ਜਾਂ ਬੈਕ-ਲਾਈਟਾਂ ਲਗਵਾਉਣ ਦੀ ਜ਼ਰੂਰਤ ਨਹੀਂ ਸਮਝਦੇ। ਨਵੰਬਰ ਦੇ ਇਸ ਮੌਸਮ ਵਿੱਚ ਜਦੋਂ ਸ਼ਾਮ ਢਲਦੇ ਹੀ ਪਰਾਲੀ ਦੇ ਧੁੰਏਂ ਅਤੇ ਮੌਸਮੀ ਧੁੰਦ ਦਾ ਗੁਬਾਰ ਸੜਕਾਂ 'ਤੇ ਛਾ ਜਾਂਦਾ ਹੈ, ਤਾਂ ਇਹ ਬਿਨਾਂ ਲਾਈਟਾਂ ਵਾਲੇ ਟਰਾਲੇ ਚੱਲਦੀਆਂ-ਫਿਰਦੀਆਂ ਕੰਧਾਂ ਵਾਂਗ ਜਾਪਦੇ ਹਨ। ਤੇਜ਼ ਰਫ਼ਤਾਰ ਨਾਲ ਆ ਰਿਹਾ ਵਾਹਨ ਚਾਲਕ ਜਦੋਂ ਤੱਕ ਇਨ੍ਹਾਂ ਨੂੰ ਦੇਖਦਾ ਹੈ, ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ।

ਇਸ ਤੋਂ ਵੀ ਵੱਧ ਖ਼ਤਰਨਾਕ ਸਥਿਤੀ ਉਦੋਂ ਬਣਦੀ ਹੈ ਜਦੋਂ ਰਾਤ ਦੇ ਹਨੇਰੇ ਵਿੱਚ ਪਰਾਲੀ ਨਾਲ ਲੱਦੇ ਇਹ ਟਰੈਕਟਰ-ਟਰਾਲੇ ਖੇਤਾਂ ਦੇ ਕੱਚੇ ਰਾਹਾਂ ਤੋਂ ਅਚਾਨਕ ਮੁੱਖ ਸੜਕ ਉੱਤੇ ਚੜ੍ਹਦੇ ਹਨ। ਉਸ ਵੇਲੇ ਨਾ ਤਾਂ ਸੜਕ 'ਤੇ ਖੜ੍ਹ ਕੇ ਕੋਈ ਵਿਅਕਤੀ ਟਾਰਚ ਦੀ ਰੌਸ਼ਨੀ ਨਾਲ ਆਉਂਦੇ-ਜਾਂਦੇ ਵਾਹਨਾਂ ਨੂੰ ਇਸ਼ਾਰਾ ਕਰਦਾ ਹੈ ਤੇ ਨਾ ਹੀ ਕਿਸੇ ਤਰ੍ਹਾਂ ਦਾ ਕੋਈ ਸਿਗਨਲ ਦਿੱਤਾ ਜਾਂਦਾ ਹੈ। ਟਰੈਕਟਰ ਚਾਲਕ ਸਿੱਧਾ ਹੀ ਭਾਰੀ ਟਰਾਲੇ ਨੂੰ ਸੜਕ ਵਿਚਕਾਰ ਮੋੜ ਦਿੰਦੇ ਹਨ। ਸੜਕ ਉੱਤੇ ਆਪਣੀ ਰਫ਼ਤਾਰ ਨਾਲ ਆ ਰਹੇ ਰਾਹਗੀਰਾਂ ਨੂੰ ਅਚਾਨਕ ਸਾਹਮਣੇ ਆਈ ਇਸ ਰੁਕਾਵਟ ਦਾ ਅੰਦਾਜ਼ਾ ਹੀ ਨਹੀਂ ਹੁੰਦਾ। ਕਈ ਵਾਰ ਤਾਂ ਪਿੰਡਾਂ ਦੀਆਂ ਲਿੰਕ ਸੜਕਾਂ 'ਤੇ ਬਿਜਲੀ ਦੀਆਂ ਨੀਵੀਆਂ ਤਾਰਾਂ ਵੀ ਇਨ੍ਹਾਂ ਉੱਚੇ ਟਰਾਲਿਆਂ ਦੀ ਲਪੇਟ ਵਿੱਚ ਆ ਕੇ ਟੁੱਟ ਜਾਂਦੀਆਂ ਹਨ, ਜੋ ਹਨੇਰੇ ਵਿੱਚ ਹੋਰ ਵੀ ਵੱਡੇ ਹਾਦਸੇ ਨੂੰ ਸੱਦਾ ਦਿੰਦੀਆਂ ਹਨ।

ਇਨ੍ਹਾਂ ਟਰਾਲਿਆਂ ਦੇ ਨਾਲ-ਨਾਲ ਸੜਕਾਂ 'ਤੇ ਬੇਰੋਕ-ਟੋਕ ਘੁੰਮਦੇ ਬੇਸਹਾਰਾ ਪਸ਼ੂ ਰਾਹਗੀਰਾਂ ਲਈ ਦੂਜਾ ਵੱਡਾ ਕਾਲ ਬਣੇ ਹੋਏ ਹਨ। ਪਿੰਡਾਂ ਦੀਆਂ ਸੜਕਾਂ ਹੋਣ ਜਾਂ ਕੌਮੀ ਸ਼ਾਹਰਾਹ, ਪਸ਼ੂਆਂ ਦੇ ਵੱਡੇ-ਵੱਡੇ ਝੁੰਡ ਸੜਕਾਂ ਦੇ ਐਨ ਵਿਚਕਾਰ ਬੈਠੇ ਜਾਂ ਤੁਰਦੇ ਮਿਲ ਜਾਂਦੇ ਹਨ। ਕਾਲੇ ਅਤੇ ਭੂਰੇ ਰੰਗ ਦੇ ਇਹ ਪਸ਼ੂ ਰਾਤ ਦੇ ਹਨੇਰੇ ਅਤੇ ਧੁੰਦ ਵਿੱਚ ਬਿਲਕੁਲ ਦਿਖਾਈ ਨਹੀਂ ਦਿੰਦੇ। ਸਾਹਮਣੇ ਤੋਂ ਆਉਂਦੀਆਂ ਗੱਡੀਆਂ ਦੀਆਂ ਤੇਜ਼ ਲਾਈਟਾਂ ਅੱਖਾਂ ਵਿੱਚ ਪੈਣ ਕਾਰਨ ਸੜਕ ਵਿਚਕਾਰ ਖੜ੍ਹਾ ਪਸ਼ੂ ਉਦੋਂ ਹੀ ਦਿਸਦਾ ਹੈ ਜਦੋਂ ਗੱਡੀ ਉਸ ਦੇ ਬਿਲਕੁਲ ਕੋਲ ਪਹੁੰਚ ਜਾਂਦੀ ਹੈ। ਅਚਾਨਕ ਬ੍ਰੇਕ ਲਗਾਉਣ ਜਾਂ ਗੱਡੀ ਮੋੜਨ ਦੇ ਚੱਕਰ ਵਿੱਚ ਵਾਹਨ ਬੇਕਾਬੂ ਹੋ ਕੇ ਪਲਟ ਜਾਂਦੇ ਹਨ ਜਾਂ ਪਿੱਛੇ ਆਉਂਦੀਆਂ ਗੱਡੀਆਂ ਆਪਸ ਵਿੱਚ ਟਕਰਾ ਜਾਂਦੀਆਂ ਹਨ।

ਸਿਸਟਮ ਦੀ ਦੋਹਰੀ ਨੀਤੀ ਉਦੋਂ ਸਾਫ਼ ਝਲਕਦੀ ਹੈ ਜਦੋਂ ਨਾਕਿਆਂ 'ਤੇ ਖੜ੍ਹੀ ਪੁਲਿਸ ਆਮ ਦੋ-ਪਹੀਆ ਵਾਹਨ ਜਾਂ ਕਾਰ ਚਾਲਕ ਦੇ ਕਾਗਜ਼ਾਂ ਵਿੱਚ ਮਾਮੂਲੀ ਕਮੀ ਨਿਕਲਣ 'ਤੇ ਤੁਰੰਤ ਭਾਰੀ ਚਲਾਨ ਕੱਟ ਦਿੰਦੀ ਹੈ, ਪਰ ਸੜਕਾਂ 'ਤੇ ਮੌਤ ਵੰਡਦੇ ਇਨ੍ਹਾਂ ਓਵਰਲੋਡ ਅਤੇ ਬਿਨਾਂ ਲਾਈਟਾਂ ਵਾਲੇ ਟਰਾਲਿਆਂ ਨੂੰ ਰੋਕਣ ਦੀ ਹਿੰਮਤ ਕੋਈ ਨਹੀਂ ਕਰਦਾ। ਦੂਜੇ ਪਾਸੇ, ਗਊ ਸੈੱਸ ਦੇ ਨਾਂ 'ਤੇ ਆਮ ਲੋਕਾਂ ਦੀ ਜੇਬ ਵਿੱਚੋਂ ਹਰ ਰੋਜ਼ ਕਰੋੜਾਂ ਰੁਪਏ ਇਕੱਠੇ ਕੀਤੇ ਜਾਂਦੇ ਹਨ, ਪਰ ਜ਼ਮੀਨੀ ਹਕੀਕਤ ਇਹ ਹੈ ਕਿ ਬੇਸਹਾਰਾ ਪਸ਼ੂ ਅੱਜ ਵੀ ਸੜਕਾਂ 'ਤੇ ਰੁਲ ਰਹੇ ਹਨ। ਨਾ ਤਾਂ ਇਨ੍ਹਾਂ ਨੂੰ ਗਊਸ਼ਾਲਾਵਾਂ ਤੱਕ ਪਹੁੰਚਾਉਣ ਦਾ ਕੋਈ ਪੁਖ਼ਤਾ ਪ੍ਰਬੰਧ ਹੈ ਤੇ ਨਾ ਹੀ ਸਮਾਜ ਸੇਵੀ ਸੰਸਥਾਵਾਂ ਜਾਂ ਪੰਚਾਇਤਾਂ ਦੇ ਸਹਿਯੋਗ ਨਾਲ ਇਨ੍ਹਾਂ ਦੇ ਗਲਾਂ ਵਿੱਚ ਚਮਕਦਾਰ ਰਿਫਲੈਕਟਰ ਪੱਟੀਆਂ ਪਾਉਣ ਦੀ ਕੋਈ ਮੁਹਿੰਮ ਚਲਾਈ ਜਾਂਦੀ ਹੈ।

ਸਾਡੇ ਸਮਾਜ ਦੀ ਇਹ ਤ੍ਰਾਸਦੀ ਬਣ ਗਈ ਹੈ ਕਿ ਅਸੀਂ ਕਿਸੇ ਵੀ ਖ਼ਤਰੇ ਨੂੰ ਉਦੋਂ ਤੱਕ ਗੰਭੀਰਤਾ ਨਾਲ ਨਹੀਂ ਲੈਂਦੇ, ਜਦੋਂ ਤੱਕ ਸਾਡਾ ਆਪਣਾ ਕੋਈ ਨੁਕਸਾਨ ਨਾ ਹੋ ਜਾਵੇ। ਜਦੋਂ ਇਨ੍ਹਾਂ ਲਾਪਰਵਾਹੀਆਂ ਕਾਰਨ ਕੋਈ ਭਿਆਨਕ ਹਾਦਸਾ ਵਾਪਰਦਾ ਹੈ, ਕਿਸੇ ਘਰ ਦਾ ਕਮਾਊ ਜੀਅ ਤੁਰ ਜਾਂਦਾ ਹੈ ਜਾਂ ਕੋਈ ਨੌਜਵਾਨ ਸਦਾ ਲਈ ਅਪਾਹਜ ਹੋ ਜਾਂਦਾ ਹੈ, ਤਾਂ ਚਾਰ ਦਿਨ ਹਾਹਾਕਾਰ ਮੱਚਦੀ ਹੈ। ਲੋਕ ਸਿਸਟਮ ਨੂੰ ਕੋਸਦੇ ਹਨ, ਅਧਿਕਾਰੀ ਜਾਂਚ ਦੇ ਹੁਕਮ ਦੇ ਕੇ ਪੱਲਾ ਝਾੜ ਲੈਂਦੇ ਹਨ ਤੇ ਫਿਰ ਉਹੀ ਰਫ਼ਤਾਰ ਮੁੜ ਸ਼ੁਰੂ ਹੋ ਜਾਂਦੀ ਹੈ।

ਸੜਕਾਂ 'ਤੇ ਸਫ਼ਰ ਕਰਨ ਵਾਲੇ ਹਰ ਇਨਸਾਨ ਦੀ ਜ਼ਿੰਦਗੀ ਕੀਮਤੀ ਹੈ। ਪਰਾਲੀ ਖਰੀਦਣ ਵਾਲੀਆਂ ਫੈਕਟਰੀਆਂ ਅਤੇ ਡੰਪ ਮਾਲਕਾਂ ਨੂੰ ਵੀ ਸਖ਼ਤ ਹਦਾਇਤ ਹੋਣੀ ਚਾਹੀਦੀ ਹੈ ਕਿ ਉਹ ਕਿਸੇ ਵੀ ਅਜਿਹੇ ਟਰਾਲੇ ਦਾ ਮਾਲ ਨਾ ਉਤਾਰਨ ਜਿਸ ਉੱਤੇ ਰਿਫਲੈਕਟਰ, ਬੈਕ-ਲਾਈਟਾਂ ਅਤੇ ਤੈਅ ਹੱਦ ਦੀ ਪਾਲਣਾ ਨਾ ਕੀਤੀ ਗਈ ਹੋਵੇ। ਟਰਾਲਾ ਚਾਲਕਾਂ ਨੂੰ ਖ਼ੁਦ ਆਪਣੀ ਨੈਤਿਕ ਜ਼ਿੰਮੇਵਾਰੀ ਸਮਝਦੇ ਹੋਏ ਖੇਤ ਵਿੱਚੋਂ ਸੜਕ 'ਤੇ ਚੜ੍ਹਨ ਵੇਲੇ ਟਾਰਚ ਜਾਂ ਸਿਗਨਲ ਦਾ ਪ੍ਰਬੰਧ ਰੱਖਣਾ ਚਾਹੀਦਾ ਹੈ। ਪ੍ਰਸ਼ਾਸਨ ਨੂੰ ਵੀ ਚਾਹੀਦਾ ਹੈ ਕਿ ਕਿਸੇ ਵੱਡੀ ਅਣਹੋਣੀ ਦੀ ਉਡੀਕ ਕਰਨ ਦੀ ਬਜਾਏ ਹੁਣੇ ਤੋਂ ਸਖ਼ਤੀ ਵਰਤੇ ਅਤੇ ਬੇਸਹਾਰਾ ਪਸ਼ੂਆਂ ਦੀ ਸਾਂਭ-ਸੰਭਾਲ ਲਈ ਠੋਸ ਕਦਮ ਚੁੱਕੇ। ਸਾਡੀ ਥੋੜ੍ਹੀ ਜਿਹੀ ਜਾਗਰੂਕਤਾ ਅਤੇ ਸਖ਼ਤੀ ਕਈ ਘਰਾਂ ਦੇ ਚਿਰਾਗ ਬੁੱਝਣ ਤੋਂ ਬਚਾ ਸਕਦੀ ਹੈ।





SUNSHINE AUTO CARE INC

WE REPAIR ALL"

AUTO • DIESEL TRUCKS • TRAILERS

All Makes & Models



FULL SERVICE AUTO & DIESEL REPAIR

- Engine Diagnostics
- Brake Service
- Suspension & Steering
- Diesel Truck Repair
- Trailer Repair

Reliable • Professional • Fast Service

1003 MOFFAT BLVD.• MANTECA, CA 95336

209-239-1551

Arrested ?
DUI ?
Drug Charges ?
Gun Violation ?

Ghuman Law Group

Get the Legal Defence you Deserve.



Why Choose Us?

- ✓ Trusted Legal Experts
- ✓ Personalized Strategies
- ✓ Proven Track Record

Criminal Defence Law

- DUI / DWI Defense
- Drug Charges
- Domestic Violence Defense
- Assault & Battery Defense
- Theft / Fraud / Financial Crimes
- Probation Violations

Contact Us

info@ghumanlawgroup.com
ghumanlawgroup.org
+1 228-200-0001

INDERJIT S. TOOR
CONSTRUCTION INC.



INDERJIT S. TOOR
CONSTRUCTION INC.
LIC# 842324

ਕੀ ਤੁਸੀਂ ਨਵਾਂ ਘਰ ਜਾਂ ਵਪਾਰਕ ਇਮਾਰਤ ਬਣਾਉਣ ਦੀ ਯੋਜਨਾ ਬਣਾ ਰਹੇ ਹੋ?

ਹੋਟਲ | ਅਪਾਰਟਮੈਂਟ | ਡਾਕਟਰਾਂ ਦੇ ਦਫ਼ਤਰ
ਅਤੇ ਗੈਸ ਸਟੇਸ਼ਨਾਂ ਦੇ ਨਿਰਮਾਣ ਕਾਰਜਾਂ ਲਈ
INDERJIT S. TOOR
Construction
ਨਾਲ ਸੰਪਰਕ ਕਰੋ।

Location : Northern California

ਤੁਹਾਡੀ ਸਮੱਸਿਆ, ਸਾਡਾ ਹੱਲ !

HARINDER S. TOOR CEO | (209) 404-4063
htoor@toorinc.com | www.ToorInc.com
2351 Tenaya Dr. Ste D, Modesto, CA 95354



ਬਰਜਿੰਦਰ ਕੌਰ ਬਿਸਰਾਓ
99889-01324

ਪੰਜਾਬੀ ਭਾਸ਼ਾ ਦਾ ਡਿਜ਼ੀਟਲ ਰੂਪ

ਭਾਸ਼ਾ ਕਿਸੇ ਵੀ ਕੌਮ ਦੀ ਪਛਾਣ, ਸੱਭਿਆਚਾਰ ਅਤੇ ਵਿਰਾਸਤ ਦਾ ਅਨਮੋਲ ਸਰਮਾਇਆ ਹੁੰਦੀ ਹੈ। ਮਾਂ-ਬੋਲੀ ਸਿਰਫ਼ ਗੱਲਬਾਤ ਦਾ ਸਾਧਨ ਨਹੀਂ ਹੁੰਦੀ, ਸਗੋਂ ਇਹ ਸਾਡੇ ਵਿਰਸੇ, ਸਾਡੇ ਰਿਸ਼ਤਿਆਂ, ਸਾਡੇ ਇਤਿਹਾਸ ਅਤੇ ਸਾਡੇ ਜਜ਼ਬਾਤਾਂ ਦੀ ਤਰਜਮਾਨੀ ਵੀ ਕਰਦੀ ਹੈ। ਪੰਜਾਬੀ ਭਾਸ਼ਾ ਦਾ ਆਪਣਾ ਅਮੀਰ ਸਾਹਿਤਕ ਅਤੇ ਸੱਭਿਆਚਾਰਕ ਇਤਿਹਾਸ ਹੈ। ਗੁਰੂਆਂ, ਪੀਰਾਂ, ਫ਼ਕੀਰਾਂ, ਸੂਫ਼ੀ ਸੰਤਾਂ ਅਤੇ ਪੰਜਾਬੀ ਸਾਹਿਤਕਾਰਾਂ ਨੇ ਇਸ ਭਾਸ਼ਾ ਨੂੰ ਅਜਿਹੀ ਸ਼ਬਦਾਵਲੀ ਅਤੇ ਵਿਚਾਰਧਾਰਾ ਬਖ਼ਸ਼ੀ ਹੈ, ਜਿਸ ਉੱਤੇ ਹਰ ਪੰਜਾਬੀ ਨੂੰ ਮਾਣ ਹੋਣਾ ਚਾਹੀਦਾ ਹੈ। ਪਰ ਅੱਜ ਇੰਟਰਨੈੱਟ ਅਤੇ ਸੋਸ਼ਲ ਮੀਡੀਆ ਦੇ ਬਦਲਦੇ ਦੌਰ ਵਿੱਚ ਪੰਜਾਬੀ ਭਾਸ਼ਾ ਇੱਕ ਨਵੇਂ ਰੂਪ ਵਿੱਚ ਸਾਡੇ ਸਾਹਮਣੇ ਆ ਰਹੀ ਹੈ। ਸਵਾਲ ਇਹ ਹੈ ਕਿ ਡਿਜ਼ੀਟਲ ਦੁਨੀਆ ਵਿੱਚ ਪੰਜਾਬੀ ਮਾਂ-ਬੋਲੀ ਦਾ ਭਵਿੱਖ ਕਿੰਨਾ ਸੁਰੱਖਿਅਤ ਹੈ?

ਇੱਕ ਸਮਾਂ ਸੀ ਜਦੋਂ ਪੰਜਾਬੀ ਭਾਸ਼ਾ ਦਾ ਪ੍ਰਚਾਰ ਕਿਤਾਬਾਂ, ਅਖ਼ਬਾਰਾਂ, ਰਸਾਲਿਆਂ, ਰੇਡੀਓ ਅਤੇ ਟੈਲੀਵਿਜ਼ਨ ਰਾਹੀਂ ਹੁੰਦਾ ਸੀ। ਲੇਖਕਾਂ ਦੀਆਂ ਰਚਨਾਵਾਂ ਪਾਠਕਾਂ ਤੱਕ ਪਹੁੰਚਣ ਲਈ ਲੰਮਾ ਸਮਾਂ ਲੈਂਦੀਆਂ ਸਨ, ਪਰ ਅੱਜ ਸੋਸ਼ਲ ਮੀਡੀਆ ਨੇ ਇਸ ਸਾਰੇ ਪਾੜੇ ਨੂੰ ਖ਼ਤਮ ਕਰ ਦਿੱਤਾ ਹੈ। ਫੇਸਬੁੱਕ, ਯੂਟਿਊਬ, ਇੰਸਟਾਗ੍ਰਾਮ ਅਤੇ ਵਟਸਐਪ ਵਰਗੇ ਮਾਧਿਅਮਾਂ ਨੇ ਪੰਜਾਬੀ ਭਾਸ਼ਾ ਨੂੰ ਦੁਨੀਆਂ ਦੇ ਹਰ ਕੋਨੇ ਤੱਕ ਪਹੁੰਚਾਉਣ ਦਾ ਮੌਕਾ ਦਿੱਤਾ ਹੈ। ਵਿਦੇਸ਼ਾਂ ਵਿੱਚ ਵਸਦੇ ਪੰਜਾਬੀ ਵੀ ਆਪਣੀ ਮਾਂ-ਬੋਲੀ ਵਿੱਚ ਲਿਖ ਕੇ, ਬੋਲ ਕੇ ਅਤੇ ਵੀਡੀਓਜ਼ ਬਣਾ ਕੇ ਆਪਣੀਆਂ ਅਗਲੀਆਂ ਪੀੜ੍ਹੀਆਂ ਨੂੰ ਪੰਜਾਬੀ ਵਿਰਸੇ ਨਾਲ ਜੋੜ ਰਹੇ ਹਨ। ਹੁਣ ਕਿਸੇ ਲੇਖਕ ਦੀ ਰਚਨਾ ਸਿਰਫ਼ ਇੱਕ ਅਖ਼ਬਾਰ ਜਾਂ ਰਸਾਲੇ ਤੱਕ ਸੀਮਤ ਨਹੀਂ ਰਹਿੰਦੀ, ਸਗੋਂ ਕੁਝ ਹੀ ਪਲਾਂ ਵਿੱਚ ਹਜ਼ਾਰਾਂ ਲੋਕਾਂ ਤੱਕ ਪਹੁੰਚ ਸਕਦੀ ਹੈ। ਡਿਜ਼ੀਟਲ ਯੁੱਗ ਨੇ ਪੰਜਾਬੀ ਲੇਖਕਾਂ, ਕਵੀਆਂ ਅਤੇ ਸਾਹਿਤਕਾਰਾਂ ਲਈ ਵੀ ਨਵੇਂ ਰਾਹ ਖੋਲ੍ਹੇ ਹਨ। ਹੁਣ ਕੋਈ ਵੀ ਵਿਅਕਤੀ ਆਪਣੇ ਵਿਚਾਰ, ਕਵਿਤਾਵਾਂ, ਕਹਾਣੀਆਂ ਅਤੇ ਲੇਖ ਆਨਲਾਈਨ ਪ੍ਰਕਾਸ਼ਿਤ ਕਰ ਸਕਦਾ ਹੈ। ਪੰਜਾਬੀ ਦੇ ਆਨਲਾਈਨ ਅਖ਼ਬਾਰਾਂ ਅਤੇ ਸਾਹਿਤਕ ਮੈਗਜ਼ੀਨਾਂ ਨੇ ਨਵੇਂ ਲੇਖਕਾਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਲਈ ਮੰਚ ਪ੍ਰਦਾਨ ਕੀਤਾ ਹੈ। ਇਸ ਤੋਂ ਇਲਾਵਾ ਪੰਜਾਬੀ ਟਾਈਪਿੰਗ ਦੇ ਸਾਧਨਾਂ, ਯੂਨੀਕੋਡ ਫੌਂਟਾਂ ਅਤੇ ਵੌਆਇਸ (ਬੋਲ ਕੇ) ਟਾਈਪਿੰਗ ਨੇ ਪੰਜਾਬੀ ਵਿੱਚ ਲਿਖਣਾ ਪਹਿਲਾਂ ਨਾਲੋਂ ਕਿਤੇ ਸੌਖਾ ਕਰ ਦਿੱਤਾ ਹੈ। ਹੁਣ ਪੰਜਾਬੀ ਲਿਖਣ ਲਈ ਕਿਸੇ ਖ਼ਾਸ ਕੰਪਿਊਟਰ ਜਾਂ ਟਾਈਪਿੰਗ ਮਾਹਿਰ ਦੀ ਲੋੜ ਨਹੀਂ ਰਹੀ।

ਪਰ ਇਸ ਤਸਵੀਰ ਦਾ ਦੂਜਾ ਪਾਸਾ ਵੀ ਵਿਚਾਰਨਯੋਗ ਹੈ ਜੋ ਆਉਣ ਵਾਲੇ ਸਮੇਂ ਵਿੱਚ ਪੰਜਾਬੀ ਦੀ ਸ਼ੁੱਧਤਾ ਲਈ ਖ਼ਤਰਨਾਕ ਸਾਬਤ ਹੋ ਰਿਹਾ ਹੈ। ਸੋਸ਼ਲ ਮੀਡੀਆ ਉੱਤੇ ਪੰਜਾਬੀ ਦੀ ਵਰਤੋਂ ਤਾਂ ਵਧੀ ਹੈ, ਪਰ ਇਸ ਦੀ ਸ਼ੁੱਧਤਾ ਅਤੇ ਮਿਆਰੀ ਰੂਪ ਨੂੰ ਲੈ ਕੇ ਕਈ ਚੁਣੌਤੀਆਂ ਵੀ ਸਾਹਮਣੇ ਆ ਰਹੀਆਂ ਹਨ। ਅੱਜ ਬਹੁਤ ਸਾਰੇ ਨੌਜਵਾਨ ਪੰਜਾਬੀ ਬੋਲਣਾ ਤਾਂ ਪਸੰਦ ਕਰਦੇ ਹਨ, ਪਰ ਲਿਖਣ ਸਮੇਂ ਗੁਰਮੁਖੀ ਲਿਪੀ ਦੀ ਥਾਂ ਅੰਗਰੇਜ਼ੀ ਅੱਖਰਾਂ ਵਿੱਚ ਪੰਜਾਬੀ ਲਿਖਣ ਨੂੰ ਤਰਜੀਹ ਦਿੰਦੇ ਹਨ। ਜਿਵੇਂ 'ਸਤਿ ਸ੍ਰੀ ਅਕਾਲ' ਦੀ ਥਾਂ 'ਸ਼ਓਟ ਸ਼ਰਿ ਅਕਓਲ' ਅਤੇ 'ਤੁਸੀਂ ਕਿਵੇਂ ਹੋ?' ਦੀ ਥਾਂ 'ਠੁਸਿ ਕਿਵਏ ਹੋ?' ਲਿਖਿਆ ਜਾਂਦਾ ਹੈ। ਇਸ ਤਰ੍ਹਾਂ ਹੌਲੀ-ਹੌਲੀ ਗੁਰਮੁਖੀ ਲਿਪੀ ਨਾਲ ਜੁੜਨ ਦੀ ਆਦਤ ਘਟਦੀ ਜਾ ਰਹੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਰੋਮਨ ਲਿਪੀ ਰਾਹੀਂ ਪੰਜਾਬੀ ਲਿਖਣਾ ਸੰਚਾਰ ਦਾ ਸੌਖਾ ਤਰੀਕਾ ਹੋ ਸਕਦਾ ਹੈ, ਪਰ ਜੇਕਰ ਨਵੀਂ ਪੀੜ੍ਹੀ ਗੁਰਮੁਖੀ ਪੜ੍ਹਨ ਅਤੇ ਲਿਖਣ ਤੋਂ ਹੀ ਦੂਰ ਹੋ ਗਈ ਤਾਂ ਸਾਡਾ ਸਾਹਿਤਕ ਵਿਰਸਾ ਅਗਲੀਆਂ ਪੀੜ੍ਹੀਆਂ ਤੱਕ ਕਿਵੇਂ ਪਹੁੰਚੇਗਾ? ਇੱਕ ਹੋਰ ਗੰਭੀਰ ਸਮੱਸਿਆ ਪੰਜਾਬੀ ਵਿੱਚ ਅੰਗਰੇਜ਼ੀ ਸ਼ਬਦਾਂ ਦੀ ਬੇਲੋੜੀ ਵਰਤੋਂ ਹੈ। ਕਈ ਵਾਰ ਪੰਜਾਬੀ ਬੋਲਦਿਆਂ ਜਾਂ ਲਿਖਦਿਆਂ ਅਸੀਂ ਅਜਿਹੇ ਅੰਗਰੇਜ਼ੀ ਸ਼ਬਦ ਵਰਤਦੇ ਹਾਂ, ਜਿਨ੍ਹਾਂ ਦੇ ਸੁੰਦਰ ਪੰਜਾਬੀ ਬਦਲ ਮੌਜੂਦ ਹਨ ਪਰ ਨਵੀਂ ਪੀੜ੍ਹੀ ਉਨ੍ਹਾਂ ਤੋਂ ਅਣਜਾਣ ਹੀ ਅੱਗੇ ਵਧ ਰਹੀ ਹੈ। ਭਾਸ਼ਾਵਾਂ ਦਾ ਇੱਕ-ਦੂਜੀ ਦੇ ਸ਼ਬਦ ਅਪਣਾਉਣਾ ਕੁਦਰਤੀ ਵਰਤਾਰਾ ਹੈ, ਪਰ ਆਪਣੀ ਭਾਸ਼ਾ ਦੇ ਸੌਖੇ ਅਤੇ ਪ੍ਰਚੱਲਿਤ ਸ਼ਬਦਾਂ ਨੂੰ ਜਾਣਬੁੱਝ ਕੇ ਛੱਡ ਦੇਣਾ ਠੀਕ ਨਹੀਂ। ਇਸੇ ਤਰ੍ਹਾਂ ਸੋਸ਼ਲ ਮੀਡੀਆ ਉੱਤੇ ਜਲਦੀ ਵਿੱਚ ਲਿਖੇ ਜਾਂਦੇ ਸੁਨੇਹਿਆਂ ਕਾਰਨ ਸ਼ਬਦ-ਜੋੜਾਂ ਅਤੇ ਵਿਆਕਰਨ ਦੀਆਂ ਗ਼ਲਤੀਆਂ ਆਮ ਹੋ ਗਈਆਂ ਹਨ। ਕਈ ਵਾਰ ਪੰਜਾਬੀ ਦੇ ਸ਼ਬਦਾਂ ਦਾ ਅਰਥ ਹੀ ਬਦਲ ਜਾਂਦਾ ਹੈ। ਕੀ ਵਾਰ ਤਾਂ ਏ ਆਈ ਦੀ ਮਦਦ ਨਾਲ ਛਾਪੇ ਜਾਣ ਵਾਲੇ ਸ਼ਬਦਾਂ ਵਿੱਚ 'ਡ' ਦੀ ਜਗ੍ਹਾ 'ੜ' ,'ਏ' ਦੀ ਜਗ੍ਹਾ 'ਵ' ਅਤੇ ਹੋਰ ਅਨੇਕਾਂ ਇਸ ਤਰ੍ਹਾਂ ਦੀਆਂ ਉਦਾਹਰਨਾਂ ਪੜ੍ਹਦੇ ਹਾਂ ਜੋ ਸਾਡੀ ਮਾਂ ਬੋਲੀ ਪੰਜਾਬੀ ਦਾ ਚਿਹਰਾ ਕਰੂਪ ਕਰ ਰਹੇ ਹਨ।

ਡਿਜ਼ੀਟਲ ਵਿਕਾਸ ਨੇ ਪੰਜਾਬੀ ਪੜ੍ਹਨ ਦੀ ਰੁੱਚਿਕਤਾ ਉੱਤੇ ਬਹੁਤ ਬੁਰਾ ਪ੍ਰਭਾਵ ਪਾਇਆ ਹੈ। ਲਾਇਬ੍ਰੇਰੀ ਵਿੱਚ ਜਾ ਕੇ ਖੋਜ ਕਰਕੇ ਪੁਰਾਤਨ ਸਾਹਿਤ ਨੂੰ ਲੱਭਣ ਦਾ ਰਿਵਾਜ ਮੋਬਾਈਲ ਅਤੇ ਗੂੱਗਲ ਤੇ ਲੱਭਣ ਤੱਕ ਸੀਮਤ ਰਹਿ ਗਿਆ ਹੈ। ਸਵੇਰ ਦੀ ਚਾਹ ਨਾਲ ਅਖ਼ਬਾਰ ਪੜ੍ਹਨ ਦੀ ਥਾਂ ਮਿੰਟ ਮਿੰਟ ਦੀ ਜਾਣਕਾਰੀ ਡਿਜ਼ੀਟਲ ਰੂਪ ਵਿੱਚ ਹਰ ਪਲ ਸਾਡੇ ਤੱਕ ਪਹੁੰਚ ਗਈ ਹੈ। ਅੱਜ ਰੀਲਾਂ ਅਤੇ ਛੋਟੀਆਂ ਵੀਡੀਓਜ਼ ਦੇ ਯੁੱਗ ਵਿੱਚ ਪੜ੍ਹਨ ਦੀ ਰੁਚੀ ਵੀ ਪ੍ਰਭਾਵਿਤ ਹੋ ਰਹੀ ਹੈ। ਲੋਕ ਲੰਮੇ ਲੇਖ ਜਾਂ ਕਿਤਾਬ ਪੜ੍ਹਨ ਦੀ ਬਜਾਏ ਕੁਝ ਸਕਿੰਟਾਂ ਦੀ ਵੀਡੀਓ ਦੇਖ ਕੇ ਅੱਗੇ ਵਧਣਾ ਪਸੰਦ ਕਰਦੇ ਹਨ। ਇਸ ਨਾਲ ਗੰਭੀਰ ਸਾਹਿਤ, ਪੰਜਾਬੀ ਕਹਾਣੀਆਂ, ਕਵਿਤਾਵਾਂ ਅਤੇ ਵਿਚਾਰਧਾਰਕ ਲੇਖਾਂ ਦੇ ਪਾਠਕਾਂ ਸਾਹਮਣੇ ਨਵੀਆਂ ਚੁਣੌਤੀਆਂ ਪੈਦਾ ਹੋ ਰਹੀਆਂ ਹਨ। ਇੱਥੋਂ ਤੱਕ ਕਿ ਅਖ਼ਬਾਰ ਪੜ੍ਹਨ ਦੀ ਰੁਚੀ ਘਟ ਰਹੀ ਹੈ। ਲੋੜ ਇਸ ਗੱਲ ਦੀ ਹੈ ਕਿ ਡਿਜੀਟਲ ਮਾਧਿਅਮਾਂ ਨੂੰ ਸਿਰਫ਼ ਮਨੋਰੰਜਨ ਤੱਕ ਸੀਮਤ ਨਾ ਰੱਖਿਆ ਜਾਵੇ, ਸਗੋਂ ਇਨ੍ਹਾਂ ਰਾਹੀਂ ਪੰਜਾਬੀ ਸਾਹਿਤ, ਇਤਿਹਾਸ, ਲੋਕ-ਗੀਤਾਂ, ਲੋਕ-ਕਥਾਵਾਂ ਅਤੇ ਅਲੋਪ ਹੋ ਰਹੇ ਪੰਜਾਬੀ ਸ਼ਬਦਾਂ ਦਾ ਪ੍ਰਚਾਰ ਵੀ ਕੀਤਾ ਜਾਵੇ। ਇਸ ਸੰਦਰਭ ਵਿੱਚ ਆਰਟੀਫਿਸ਼ਲ ਇੰਟੈਲੀਜੈਂਸ ਦੀ ਭੂਮਿਕਾ ਵੀ ਮਹੱਤਵਪੂਰਨ ਹੈ। ਅੱਜ ਤਕਨਾਲੋਜੀ ਰਾਹੀਂ ਪੰਜਾਬੀ ਵਿੱਚ ਅਨੁਵਾਦ, ਲਿਖਤ ਤਿਆਰ ਕਰਨ, ਆਵਾਜ਼ ਨੂੰ ਲਿਖ਼ਤ ਵਿੱਚ ਬਦਲਣ ਅਤੇ ਜਾਣਕਾਰੀ ਪ੍ਰਾਪਤ ਕਰਨ ਦੇ ਨਵੇਂ ਮੌਕੇ ਮਿਲ ਰਹੇ ਹਨ। ਪਰ ਇਸ ਟੈਕਨਾਲੋਜੀ ਵਿੱਚ ਪੰਜਾਬੀ ਦੀ ਸ਼ਬਦਾਵਲੀ, ਮੁਹਾਵਰਿਆਂ ਅਤੇ ਸੱਭਿਆਚਾਰਕ ਸੰਦਰਭਾਂ ਨੂੰ ਸਹੀ ਢੰਗ ਨਾਲ ਪੇਸ਼ ਕਰਨਾ ਵੀ ਜ਼ਰੂਰੀ ਹੈ। ਇਸ ਲਈ ਪੰਜਾਬੀ ਭਾਸ਼ਾ ਦੇ ਮਿਆਰੀ ਡਿਜੀਟਲ ਸਰੋਤ ਤਿਆਰ ਕਰਨ, ਪੁਰਾਣੀਆਂ ਪੁਸਤਕਾਂ ਨੂੰ ਡਿਜੀਟਲ ਰੂਪ ਵਿੱਚ ਸੰਭਾਲਣ ਅਤੇ ਪੰਜਾਬੀ ਵਿੱਚ ਨਵੀਂ ਤਕਨੀਕੀ ਸ਼ਬਦਾਵਲੀ ਵਿਕਸਿਤ ਕਰਨ ਦੀ ਲੋੜ ਹੈ। ਪੰਜਾਬੀ ਮਾਂ-ਬੋਲੀ ਨੂੰ ਡਿਜੀਟਲ ਦੁਨੀਆ ਵਿੱਚ ਮਜ਼ਬੂਤ ਬਣਾਉਣ ਲਈ ਸਿਰਫ਼ ਸਰਕਾਰ ਜਾਂ ਸਿੱਖਿਆ ਸੰਸਥਾਵਾਂ ਦੀ ਜ਼ਿੰਮੇਵਾਰੀ ਨਹੀਂ, ਸਗੋਂ ਹਰ ਪੰਜਾਬੀ ਦਾ ਫ਼ਰਜ਼ ਬਣਦਾ ਹੈ। ਮਾਪੇ ਬੱਚਿਆਂ ਨਾਲ ਪੰਜਾਬੀ ਵਿੱਚ ਗੱਲਬਾਤ ਕਰਨ, ਉਨ੍ਹਾਂ ਨੂੰ ਪੰਜਾਬੀ ਦੀਆਂ ਕਿਤਾਬਾਂ ਪੜ੍ਹਨ ਲਈ ਪ੍ਰੇਰਿਤ ਕਰਨ ਅਤੇ ਗੁਰਮੁਖੀ ਲਿਖਣ ਦੀ ਆਦਤ ਪਾਉਣ। ਸਕੂਲਾਂ ਵਿੱਚ ਪੰਜਾਬੀ ਨੂੰ ਸਿਰਫ਼ ਇੱਕ ਵਿਸ਼ੇ ਵਜੋਂ ਨਹੀਂ, ਸਗੋਂ ਜੀਵਨ ਨਾਲ ਜੁੜੀ ਭਾਸ਼ਾ ਵਜੋਂ ਪੜ੍ਹਾਇਆ ਜਾਵੇ। ਲੇਖਕਾਂ ਅਤੇ ਸਾਹਿਤਕ ਸੰਸਥਾਵਾਂ ਨੂੰ ਵੀ ਚਾਹੀਦਾ ਹੈ ਕਿ ਉਹ ਆਪਣੀਆਂ ਰਚਨਾਵਾਂ ਨੂੰ ਡਿਜੀਟਲ ਮਾਧਿਅਮਾਂ ਰਾਹੀਂ ਵੱਧ ਤੋਂ ਵੱਧ ਪਾਠਕਾਂ ਤੱਕ ਪਹੁੰਚਾਉਣ।

ਆਰਟੀਫਿਸ਼ਲ ਇੰਟੈਲੀਜੈਂਸ ਵਿੱਚ ਪੰਜਾਬੀ ਭਾਸ਼ਾ ਨੂੰ ਹੋਰ ਸੁਧਾਰਨ ਲਈ ਸਭ ਤੋਂ ਪਹਿਲਾਂ ਇਸ ਨੂੰ ਪੰਜਾਬੀ ਦੇ ਸ਼ੁੱਧ ਸ਼ਬਦ-ਜੋੜਾਂ, ਸਹੀ ਮਾਤਰਾਵਾਂ, ਵਿਆਕਰਨ ਅਤੇ ਪੰਜਾਬੀ ਮੁਹਾਵਰਿਆਂ ਦੀ ਵੱਧ ਤੋਂ ਵੱਧ ਜਾਣਕਾਰੀ ਮੁਹੱਈਆ ਕਰਵਾਉਣੀ ਚਾਹੀਦੀ ਹੈ। ਇਸ ਲਈ ਪੰਜਾਬੀ ਦੇ ਵਿਦਵਾਨਾਂ, ਭਾਸ਼ਾ ਮਾਹਿਰਾਂ, ਸਾਹਿਤਕਾਰਾਂ ਅਤੇ ਖੋਜਕਾਰਾਂ ਦੀ ਮਦਦ ਨਾਲ ਵੱਡੀ ਗਿਣਤੀ ਵਿੱਚ ਸ਼ੁੱਧ ਪੰਜਾਬੀ ਲਿਖ਼ਤਾਂ ਦਾ ਡਿਜ਼ੀਟਲ ਭੰਡਾਰ ਤਿਆਰ ਕੀਤਾ ਜਾਵੇ। ਏ ਆਈ ਵੱਲੋਂ ਕੀਤੀਆਂ ਗ਼ਲਤੀਆਂ ਨੂੰ ਭਾਸ਼ਾ ਮਾਹਿਰਾਂ ਦੁਆਰਾ ਠੀਕ ਕਰਕੇ ਉਸ ਦੀ ਪ੍ਰਣਾਲੀ ਨੂੰ ਲਗਾਤਾਰ ਸਿਖਲਾਈ ਦਿੱਤੀ ਜਾਵੇ। ਖ਼ਾਸ ਕਰਕੇ ਗੁਰਮੁਖੀ ਦੀਆਂ ਲਗਾਂ-ਮਾਤਰਾਂ, ਅੱਧਕ, ਬਿੰਦੀ, ਟਿੱਪੀ ਅਤੇ ਪੈਰੀਂ ਅੱਖਰਾਂ ਦੀ ਸਹੀ ਵਰਤੋਂ ਵੱਲ ਧਿਆਨ ਦੇਣਾ ਜ਼ਰੂਰੀ ਹੈ। ਇਸ ਦੇ ਨਾਲ ਹੀ ਪੰਜਾਬੀ ਪਾਠਕਾਂ ਅਤੇ ਲੇਖਕਾਂ ਨੂੰ ਵੀ ਚਾਹੀਦਾ ਹੈ ਕਿ ਏ ਆਈ ਤੋਂ ਮਿਲੀ ਲਿਖ਼ਤ ਨੂੰ ਬਿਨਾਂ ਜਾਂਚੇ ਪ੍ਰਕਾਸ਼ਿਤ ਕਰਨ ਦੀ ਬਜਾਏ ਉਸ ਦੀ ਪਰਖ਼ ਅਤੇ ਸੋਧ ਜ਼ਰੂਰ ਕਰਨ, ਤਾਂ ਜੋ ਟੈਕਨਾਲੋਜੀ ਦੀ ਮਦਦ ਨਾਲ ਪੰਜਾਬੀ ਭਾਸ਼ਾ ਦਾ ਮਿਆਰ ਉੱਚਾ ਚੁੱਕਿਆ ਜਾ ਸਕੇ, ਨਾ ਕਿ ਇਸ ਦੀ ਸ਼ੁੱਧਤਾ ਪ੍ਰਭਾਵਿਤ ਹੋਵੇ।

ਅੰਤ ਵਿੱਚ ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਟੈਕਨਾਲੋਜੀ ਭਾਸ਼ਾ ਦੀ ਦੁਸ਼ਮਣ ਨਹੀਂ, ਸਗੋਂ ਇਸ ਦੇ ਵਿਕਾਸ ਦਾ ਇੱਕ ਸ਼ਕਤੀਸ਼ਾਲੀ ਸਾਧਨ ਬਣ ਸਕਦੀ ਹੈ। ਲੋੜ ਸਿਰਫ਼ ਇਸ ਗੱਲ ਦੀ ਹੈ ਕਿ ਅਸੀਂ ਇਸ ਦੀ ਸਹੀ ਵਰਤੋਂ ਕਰੀਏ। ਪੰਜਾਬੀ ਨੂੰ ਆਧੁਨਿਕ ਬਣਾਉਣ ਦੇ ਨਾਂ 'ਤੇ ਇਸ ਦੀ ਮੂਲ ਪਛਾਣ ਅਤੇ ਗੁਰਮੁਖੀ ਲਿਪੀ ਤੋਂ ਦੂਰ ਨਾ ਹੋਈਏ। ਜੇਕਰ ਅਸੀਂ ਆਪਣੀ ਮਾਂ-ਬੋਲੀ ਨੂੰ ਮੋਬਾਈਲ, ਕੰਪਿਊਟਰ, ਇੰਟਰਨੈੱਟ, ਆਰਟੀਫਿਸ਼ਲ ਇੰਟੈਲੀਜੈਂਸ ਅਤੇ ਆਉਣ ਵਾਲੀ ਹਰ ਨਵੀਂ ਤਕਨਾਲੋਜੀ ਨਾਲ ਜੋੜਾਂਗੇ ਤਾਂ ਇਹ ਹੋਰ ਵੀ ਪ੍ਰਫੁੱਲਤ ਹੋਵੇਗੀ। ਯਾਦ ਰੱਖਣਾ ਚਾਹੀਦਾ ਹੈ ਕਿ ਭਾਸ਼ਾਵਾਂ ਸਿਰਫ਼ ਬੋਲਣ ਨਾਲ ਜਿਊਂਦੀਆਂ ਨਹੀਂ ਰਹਿੰਦੀਆਂ, ਸਗੋਂ ਪੜ੍ਹਨ, ਲਿਖਣ ਅਤੇ ਅਗਲੀ ਪੀੜ੍ਹੀ ਤੱਕ ਪਹੁੰਚਾਉਣ ਨਾਲ ਜਿਊਂਦੀਆਂ ਰਹਿੰਦੀਆਂ ਹਨ। ਪੰਜਾਬੀ ਸਿਰਫ਼ ਸਾਡੇ ਘਰਾਂ ਦੀ ਬੋਲੀ ਨਹੀਂ, ਸਗੋਂ ਸਾਡੀ ਪਛਾਣ ਹੈ। ਇਸ ਲਈ ਪੰਜਾਬੀ ਨੂੰ ਡਿਜ਼ੀਟਲ ਦੁਨੀਆਂ ਵਿੱਚ ਸਿਰਫ਼ ਮੌਜੂਦ ਹੀ ਨਹੀਂ ਰੱਖਣਾ ਬਲਕਿ ਇਸ ਨੂੰ ਮਾਣ, ਸਤਿਕਾਰ ਅਤੇ ਮਿਆਰੀ ਰੂਪ ਨਾਲ ਅੱਗੇ ਵਧਾਉਣਾ ਸਾਡੀ ਸਭ ਦੀ ਸਾਂਝੀ ਜ਼ਿੰਮੇਵਾਰੀ ਬਣਦੀ ਹੈ।



ਡਰਾਈਵਰ ਵੀ ਜਿੰਦਗੀ ਦੇ
2 ਸਭ ਤੋਂ ਵੱਡੇ ਦੁਸ਼ਮਣ ਕੌਣ?
ਕਾਗਜ਼ ਤੇ ਘਾਣ ਦਾ ਇਨਵੌਇਸ!



ਇਨਵੌਇਸ ਬਣਾਓ ਆਸਾਨ, ਤੇ ਚਲੋ ਬੱਸ ਮਸਤਾਨ!

ਘੱਟ ਕਾਗਜ਼ੀ ਕੰਮ. ਹੋਰ ਕਿਲੋਮੀਟਰ. ਇਨਵੌਇਸ ਸਮਾਰਟ ਬਣਾਓ
Traki ਨਾਲ.

ਕਾਗਜ਼ ਸੰਭਾਲੋ
ਫੋਟੋ, PDF ਤੇ ਆਪਣੇ
ਡੌਕੂਮੈਂਟ ਇਕੱਤਰ ਰੱਖੋ.

ਇਨਵੌਇਸ ਬਣਾਓ
AI ਮਦਦ ਨਾਲ ਆਟੋ ਫਿਲ
ਅਤੇ ਪੇਸ਼ੇਵਰ ਇਨਵੌਇਸ ਤਿਆਰ.

ਕਮਾਈ ਵਧਾਓ
ਰਿਪੋਰਟ ਵੇਖੋ, ਕਮਾਈ ਟ੍ਰੈਕ ਕਰੋ,
ਤੇ ਟਾਈਮ ਬਚਾਓ.

ਅੱਜ ਹੀ ਸ਼ੁਰੂ ਕਰੋ!

3 ਦਿਨ ਦਾ ਮੁਫ਼ਤ TRIAL ਮਿਲੇਗਾ!

ਟਰਾਈ ਕਰੋ, ਪਸੰਦ ਆਇਆ ਤਾਂ
ਅੱਗੇ ਵਧੋ!

QR ਸਕੈਨ ਕਰੋ
ਤੇ Traki
ਡਾਊਨਲੋਡ ਕਰੋ
ਹੁਣੇ!

ਟਾਈਮ ਬਚਾਓ
ਕਾਗਜ਼ੀ ਕੰਮ ਘੱਟ,
ਡਰਾਈਵ ਵੱਧ.

ਗਲਤੀ ਘੱਟ
ਆਟੋਮੈਟਿਕ ਫਿਲ ਤੇ
ਸਹੀ ਇਨਵੌਇਸ.

ਆਫਲਾਈਨ ਕੰਮ
ਇੰਟਰਨੈੱਟ ਬਿਜ਼ਾਂ ਵੀ
ਸਭ ਕੁਝ ਚੱਲਦਾ.

ਸਭ ਕੁਝ ਇੱਕ ਜਗ੍ਹਾ
ਡੌਕੂਮੈਂਟ, ਇਨਵੌਇਸ ਤੇ
ਰਿਪੋਰਟ – ਸਭ ਨਾਲ.

ਹੋਰ ਜਾਣਕਾਰੀ ਲਈ ਵੇਖੋ | TRAKIAPP.COM

TRAKI
ਡਰਾਈਵਰ ਦਾ ਅਸਲੀ ਯਾਰ.

ਪਬਲਿਕ ਹਿਤ ਵਿੱਚ ਸੂਚਨਾ

ਮੈਂ **ਗੁਰਦੀਪ ਸਿੰਘ ਸੰਧੂ** ਜਿਵੇਂ ਕਿ ਤੁਸੀਂ ਜਾਣਦੇ ਹੋ 1973 ਤੋਂ ਹੋਮਿਓਪੈਥਿਕ/ਆਯੁਰਵੈਦਿਕ ਦੀ ਪ੍ਰੈਕਟਿਸ ਕਰ ਰਿਹਾ ਹਾਂ ਇਸ ਪੰਜ ਦਹਾਕਿਆਂ ਤੋਂ ਵੱਧ ਦੇ ਸਮੇਂ ਵਿਚ ਮੈਡੀਕਲ ਕਾਲਜਾਂ ਵਿਚ ਪ੍ਰੋ. ਪ੍ਰਿੰਸੀਪਲ ਤੇ ਚੀਫ਼ ਮੈਡੀਕਲ ਅਫਸਰ ਦੇ ਤੌਰ ਤੇ ਸੇਵਾਵਾਂ ਦਿੰਦਾ ਰਿਹਾ ਹਾਂ। 1996 ਤੋ ਅਮਰੀਕਾ ਵਿਚ ਵੱਖ-ਵੱਖ ਰੇਡੀਓ, ਟੀ.ਵੀ ਸਟੇਸ਼ਨਾਂ, ਯੂਟਿਊਬ, ਫੇਸਬੁਕ ਤੇ ਵੱਖ-ਵੱਖ ਮੀਡੀਆ ਚੈਨਲਾਂ ਰਾਹੀਂ ਪਬਲਿਕ ਨੂੰ ਜੀਵਨ ਤੋਂ ਜੀਵਨ ਦੀ ਉਤਪਤੀ ਸਰੀਰਕ ਬਣਤਰ, ਵਿਸਥਾਰ, ਸਿਹਤ, ਬਿਮਾਰੀ ਅਤੇ ਇਲਾਜਾਂ ਪ੍ਰਤੀ ਜਾਗਰੂਕ ਕਰਦਾ ਆ ਰਿਹਾਂ। ਅੱਜ ਦੇ ਵਕਤ ਅਮੈਰਿਕਨ ਇਕੌਨਮੀ ਦੀ ਮਾੜੀ ਹਾਲਤ ਹੋਣ ਕਰਕੇ ਐਲਾਨ ਕਰਦਾ ਹਾਂ ਕਿ ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜਦ ਥੱਕ ਗਏ ਹੋ ਕੋਈ ਹਲ ਨਹੀਂ ਦਿਸ ਰਿਹਾ ਤਾਂ ਇਕ ਮੌਕਾ ਹੋਮਿਓਪੈਥਿਕ ਦੇ ਸਿਧਾਂਤਕ ਇਲਾਜ ਲਈ ਮੈਨੂੰ ਦਿਓ ਇਸ ਲਈ ਕਾਲ ਕਰੋ: **408 687 1899**

ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ਼ ਲੈਕਚਰ ਸੁਣਨ ਲਈ ਮੇਰਾ ਫੇਸਬੁਕ ਅਤੇ ਯੂਟਿਊਬ ਚੈਨਲ https://youtube/duhk3caceu, sabrang station.com(radio station) ਰੋਜ਼ਾਨਾ ਕੈਲੇਫੋਰਨੀਆ ਟਾਈਮ ਸ਼ਾਮ ਨੂੰ 5 ਤੋ 6 ਵਜੇ ਤਕ ਸੁਣੋ।

Working under sb577 act of California







ਕਈ ਵੀਰਾਂ ਦੇ

LICENSE CANCEL

ਹੋ ਰਹੇ ਹਨ ਤੇ ਹੁਣ
ਉਹ ਆਪਣਾ ਟਰੱਕ ਵੀ ਨਹੀਂ
ਚਲਾ ਸਕਦੇ।

ਕਿਉਂਕਿ DMV ਕਈ ਲੋਕਾਂ ਦੇ CDL License Cancel ਕਰ ਰਿਹਾ

ਖਾਸ ਕਰਕੇ ਉਹਨਾਂ ਦੇ ਜਿਨ੍ਹਾਂ ਕੋਲ

Green Card ਨਹੀਂ ਹੈ | I-485 Application ਅਜੇ Pending ਹੈ।

Ghuman Law Group ਤੁਹਾਡੇ ਨਾਲ ਹੈ

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ :



Green Card Case ਨੂੰ
ਜਲਦੀ ਹੱਲ ਕਰਨ ਵਿੱਚ



CDL ਅਤੇ ਕੰਮ ਨੂੰ ਬਚਾਉਣ
ਲਈ Legal Guidance



Deportation ਜਾਂ Immigration
Detention Cases ਵਿੱਚ Legal Advice



Appeals ਅਤੇ Immigration
Process ਵਿੱਚ ਸਹਾਇਤਾ



Estate Planning ਰਾਹੀਂ Property
ਅਤੇ Assets ਨੂੰ safe ਕਰਨ ਵਿੱਚ ਮਦਦ



ਤੁਹਾਡੇ ਪਰਿਵਾਰ ਦੇ ਭਵਿੱਖ ਨੂੰ
Secure ਬਣਾਉਣ ਵਿੱਚ ਸਹਾਇਤਾ

GHUMAN LAW GROUP INC.
Criminal Defense, Family and
Immigration Law

Deportation ਜਾਂ Immigration Process ਦੇ ਦੌਰਾਨ ਘਰ, ਨੌਕਰੀ, ਜਾਇਦਾਦ ਤੇ ਮਿਹਨਤ ਦੀ ਕਮਾਈ ਤਕ ਖਤਰੇ ਵਿੱਚ ਪੈ ਸਕਦੇ ਹਨ

ਹੁਣੇ ਸੰਪਰਕ ਕਰੋ : (228) 200-0001 (ਮੁਫ਼ਤ ਸਲਾਹ ਵੀ ਉਪਲਬਧ ਹੈ)

Ghuman Law Group ਤੁਹਾਡੇ ਹੱਕਾਂ ਦੀ ਮਜ਼ਬੂਤ ਆਵਾਜ਼ | ਤੁਹਾਡਾ Legal Partner

ਸਿਜਦਾ ਅਕਸ਼ਰਾ

ਨਿੱਕੇ ਜਿਹੇ ਹੱਥਾਂ ਵਿੱਚ ਵੱਡੇ ਵੱਡੇ ਸੁਫ਼ਨੇ ਪਾਲਦੀ
ਅੱਖਾਂ ਵਿੱਚ ਚਮਕ ਗਿਆਨ ਦੀ ਨਵੀਆਂ ਪੁਲਾਂਘਾਂ ਭਾਲਦੀ।

ਹੌਸਲੇ ਦੀ ਉਂਗਲ ਫੜ ਕੇ ਮੰਜ਼ਿਲ ਵੱਲ ਜਾਵੇ ਚੜ੍ਹਦੀ
ਅਕਸ਼ਰਾ ਜੋ ਸਰਕਾਰੀ ਕੰਨਿਆ ਸਕੂਲ ਅਜਨਾਲੇ ਹੈ ਪੜ੍ਹਦੀ॥

ਪ੍ਰਸ਼ਨਾਂ ਦੇ ਚੰਗਿਆੜਿਆਂ ਵਿੱਚੋਂ ਨਵੇਂ ਵਿਚਾਰ ਜਗਾਏ
ਖੋਜਾਂ ਦੇ ਅੰਬਰ ਉੱਤੇ ਆਪਣੇ ਨਾਂ ਦੀ ਤਖ਼ਤੀ ਖੁਣਦੀ ਜਾਏ।

ਵਿਗਿਆਨ ਦੀ ਰੌਸ਼ਨੀ ਲੈ ਕੇ ਅਣਜਾਣੇ ਪੰਧ ਨਿਹਾਰੇ
ਮਿਹਨਤ ਤੇ ਦ੍ਰਿੜ੍ਹ ਇਰਾਦੇ ਬਣ ਗਏ ਉਸ ਦੇ ਸਹਾਰੇ॥

ਜ਼ਿਲ੍ਹੇ ਦੇ ਵਿਗਿਆਨ ਮੇਲੇ ਵਿੱਚ ਪ੍ਰਤਿਭਾ ਰੰਗ ਲਿਆਈ
ਤੀਜਾ ਸਥਾਨ ਹਾਸਲ ਕਰਕੇ ਮਾਪਿਆਂ ਦੀ ਸ਼ਾਨ ਵਧਾਈ।

ਚਮਕ ਉੱਠਿਆ ਨਾਂ ਅਕਸ਼ਰਾ ਦਾ ਸਕੂਲ ਦਾ ਮਾਣ ਵਧਾਇਆ
ਇਹ ਸਨਮਾਨ ਪ੍ਰਤੱਖ ਹੈ ਮਿਹਨਤ ਨੇ ਮੁੱਲ ਪਾਇਆ॥

ਪਰ ਮੈਡਲਾਂ ਦੀ ਚਮਕ ਤੋਂ ਵੱਡੀ ਸੋਚ ਦੀ ਰੌਸ਼ਨਾਈ
ਹਰ ਨਵੇਂ ਸਵਾਲ ਦੇ ਅੰਦਰ ਇੱਕ ਨਵੀਂ ਖੋਜ ਸਮਾਈ।

ਜਿਹੜੇ ਮਨ ਵਿੱਚ ਤਾਂਘ ਹੋਵੇ ਉਹ ਕਦੇ ਨਾ ਦੁੱਖ ਮਨਾਉਂਦੇ
ਔਖੇ ਤੋਂ ਔਖੇ ਰਾਹਾਂ ਉੱਤੇ ਨਵੀਆਂ ਮੰਜ਼ਿਲਾਂ ਪਾਉਂਦੇ॥

ਨੀ ਅਕਸ਼ਰਾ ! ਤੂੰ ਖੰਭ ਖਿਲਾਰ ਅੰਬਰ ਉਡਾਰੀਆਂ ਮਾਰ
ਗਿਆਨ ਦੀ ਜੋਤ ਜਗਾ ਕੇ ਰੌਸ਼ਨ ਕਰ ਸੰਸਾਰ।

ਨਾ ਔਕੜ ਤੋਂ ਡਰੀਂ ਕਦੇ ਤੂੰ ਨਾ ਹਾਰ ਤੋਂ ਘਬਰਾਈਂ
ਹੌਸਲੇ ਦੀ ਕਲਮ ਨਾਲ ਆਪਣੀ ਤਕਦੀਰ ਲਿਖ ਜਾਈਂ॥

ਅੱਜ ਮਿਲਿਆ ਜੋ ਮਾਣ ਹੈ ਤੁਹਾਨੂੰ ਕੱਲ੍ਹ ਦੀ ਨੀਂਹ ਬੁਣੇਗਾ
ਅੱਜ ਦਾ ਇਹ ਨਿੱਕਾ ਕਦਮ ਕੱਲ੍ਹ ਨੂੰ ਇਤਿਹਾਸ ਖੁਣੇਗਾ।

ਗਿਆਨ ਤੁਹਾਡੀ ਤਾਕਤ ਬਣੇ ਅਤੇ ਵਿਗਿਆਨ ਉਡਾਣ
ਹਰ ਦਿਨ ਨਵੀਂ ਪ੍ਰਾਪਤੀ ਹੋਵੇ ਹਰ ਪਲ ਮਿਲੇ ਨਵੀਂ ਪਛਾਣ॥

ਸਲਾਮ ਤੇਰੇ ਹੌਸਲੇ ਨੂੰ ਅਤੇ ਸਲਾਮ ਤੁਹਾਡੀ ਉਡਾਰੀ
ਤੁਸੀਂ ਸਿਰਫ਼ ਜੇਤੂ ਧੀ ਨਹੀਂ ਤੁਸੀਂ ਹੋ ਆਸਾਂ ਦੀ ਫੁਲਕਾਰੀ।

ਅੱਜ ਤੀਜਾ ਸਥਾਨ ਮਾਣਿਆ ਕੱਲ੍ਹ ਹੋਰ ਬੁਲੰਦੀਆਂ ਨਾਪਣਾ
ਅਕਸ਼ਰਾ ! ਤੁਸੀਂ ਤਾਰਿਆਂ ਤੋਂ ਵੀ ਅੱਗੇ ਆਪਣਾ ਨਾਂ ਛਾਪਣਾ॥



ਦੂਰੀਆਂ

ਵੇ ਕੁਝ ਮਜਬੂਰੀਆਂ ਵੀਂ ਨੇ।
ਕੀ ਦੱਸਾਂ, ਦੂਰੀਆਂ ਵੀਂ ਨੇ।

ਕੀ ਕਰਨੇ ਨੇ ਇੰਝ ਦੇ ਹਾਸੇ,
ਮੱਥੇ 'ਤੇ ਘੂਰੀਆਂ ਵੀਂ ਨੇ।

ਤੂੰ ਪੱਟ ਦਾ ਮਾਸ ਕਹਿਣੈ ਏ,
ਛੰਨੇ ਵਿਚ ਚੂਰੀਆਂ ਵੀਂ ਨੇ।

ਕੁਦਰਤ ਦਾ ਤੂੰ ਦੇਖ ਕਰਿਸ਼ਮਾ,
ਇਹ ਅੱਖਾਂ ਭੂਰੀਆਂ ਵੀਂ ਨੇ।

ਲੋਕੀਂ ਚੁਗਲੀਆਂ ਕਰਦੇ ਨੇ,
ਦੱਸਾਂ, ਮਸ਼ਹੂਰੀਆਂ ਵੀਂ ਨੇ।

ਕੇਵਲ ਜੁਗਨੂਆਂ ਦੀ ਗੱਲ ਨਈਂ,
ਇਹ ਰਾਤਾਂ ਨੂਰੀਆਂ ਵੀਂ ਨੇ।

ਫੁੱਲਾਂ ਦੇ ਨਾਲ ਕੰਡੇ ਦਿਸਦੇ,
ਰੁੱਤਾਂ ਮਗਰੂਰੀਆਂ ਵੀਂ ਨੇ।

ਕੱਚੀਆਂ ਅੰਬੀਆਂ ਦੇ ਕੀ ਕਹਿਣੇ,
ਪਰ ਬਾਹਰੋਂ ਸਿੰਧੂਰੀਆਂ ਵੀਂ ਨੇ।

ਰੀਝਾਂ ਦਿਲ ਦੇ ਵਿਚ ਤਰਦੀਆਂ,
ਮਗਰ ਅਧੂਰੀਆਂ ਵੀਂ ਨੇ।

ਬੇਸ਼ੱਕ ਬਲ ਕੇ ਢੇਰੀ ਹੋਈਆਂ,
ਮੋਮਬੱਤੀਆਂ ਪੂਰੀਆਂ ਵੀਂ ਨੇ।

ਕਿਸਮ ਕਿਸਮ ਦੀ ਰੋਟੀ ਖਾਧੀ,
ਖਾਧੀਆਂ ਤੰਦੂਰੀਆਂ ਵੀਂ ਨੇ।

ਪਤਝੜ ਦਾ ਕਿੰਨਾ ਫਾਇਦਾ ਹੈ,
ਰੁੱਤਾਂ ਅੰਗੂਰੀਆਂ ਵੀਂ ਨੇ।

ਬਾਲਮ, ਤੇਰੀਆਂ ਗ਼ਜ਼ਲਾਂ ਨੇ,
ਮਸ਼ਹੂਰ ਗ਼ਰੂਰੀਆਂ ਵੀਂ ਨੇ।





LARRY T. NIERMEYER
Attorney at Law
OFFERING SERVICES IN THE FOLLOWING AREAS
1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation
PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com





RE/MAX EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

Kirandeep Kaur

Realtor ® CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

Contact : Cell (209) 550-1704

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED

GHUMAN LAW GROUP INC.

GHUMAN LAW GROUP

ਭਰੋਸੇਜੋਗ ਅਤੇ ਤਜਰਬੇਕਾਰ ਵਕੀਲ ਹੀ ਹਮੇਸ਼ਾ
ਤੁਹਾਡੀ ਸਹੀ ਮਦਦ ਕਰ ਸਕਦਾ ਹੈ।



MON - FRI | 9:00 AM-3:00 PM | +1 (228) 200-0001 | www.ghumanlawgroup.org | 2450 VENTURE OAKS WAY, STE 225 SACRAMENTO, CA

ਸਾਡੀਆਂ ਸੇਵਾਵਾਂ

01 ਜੇ ਕਰ ਤੁਸੀਂ ਕਿਸੇ ਵੀ ਕ੍ਰਿਮਿਨਲ ਕੇਸ ਵਿੱਚ ਫਸੇ ਹੋ।



02 ਜੇ ਕਰ ਤੁਸੀਂ ਆਪਣੇ ਪੁਰਾਣੇ ਕ੍ਰਿਮਿਨਲ ਕੇਸ ਨੂੰ Expunge ਕਰਵਾਉਣਾ ਚਾਹੁੰਦੇ ਹੋ।



03 ਜੇ ਕਰ ਤੁਸੀਂ ਆਪਣੇ Immigration Case ਵਿੱਚ ਕੋਈ Appeal ਲਗਾਉਣੀ ਹੈ।



04 ਜੇ ਕਰ ਤੁਸੀਂ Immigration Case ਵਿੱਚ Bond Hearing ਕਰਵਾਉਣੀ ਹੈ।



ਉੱਪਰ ਲਿਖ਼ੀਆਂ ਸੇਵਾਵਾਂ ਵਿੱਚੋਂ ਕਿਸੇ ਵੀ ਸੇਵਾ ਦੀ ਲੋੜ ਹੈ ਤਾਂ ਤੁਸੀਂ ਸਾਡੇ ਨਾਲ ਸੰਪਰਕ ਕਰ ਸਕਦੇ ਹੋ।

ਜੇ ਕਰ ਤੁਸੀਂ ਆਪਣੇ ਪੁਰਾਣੇ Criminal Case ਕਰਕੇ USA ਦੀ Citizenship ਲਈ Apply ਨਹੀਂ ਕਰ ਰਹੇ

ਜਾਂ ਤੁਹਾਨੂੰ ਆਪਣਾ Green Card ਖੋਹੇ ਜਾਣ ਦਾ ਡਰ ਹੈ,
ਤਾਂ ਤੁਸੀਂ ਸਾਡੇ ਨਾਲ ਇੱਕ ਵਾਰ ਜ਼ਰੂਰ ਸੰਪਰਕ ਕਰੋ।

MON - FRI | 9:00 AM 3:00 PM | +1 (228) 200-0001 | www.ghumanlawgroup.org | 2450 VENTURE OAKS WAY, STE 225 SACRAMENTO, CA

Truck Parking Yard



ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ



- ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
- ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
- ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ

Truck Parking - Only $200 Monthly
Bobtail Parking - Only $100 Monthly



ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ।



ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ

Harbans Gill (209) 972-0013

1651 EAST Whitmore Ave, Ceres, CA 95307

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

Paul Sahota

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ
ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ



e-Baba Entertainment App ਨੂੰ Download ਕਰੋ।

ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.



Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।



ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ
ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।